# ਅਧਿਆਇ – 1

# ਰਵਿੰਦਰ ਰਵੀ : ਜੀਵਨ ਅਨੁਭਵ ਅਤੇ ਰਚਨਾ ਸੰਸਾਰ

ਮਨੁੱਖੀ ਵਿਕਾਸ ਮੂਲ ਰੂਪ ਵਿੱਚ ਮਨੁੱਖ ਅਤੇ ਪ੍ਰਕਿਰਤੀ ਦੇ ਦੋਹਰੇ ਦਵੰਦਾਤਮਕ ਸੰਬੰਧਾਂ ਦਾ ਇਤਿਹਾਸ ਰਿਹਾ ਹੈ। ਮਨੁੱਖ ਤੇ ਪ੍ਰਕਿਰਤੀ ਦੋਹਾਂ ਦੀ ਸਾਰਥਕਤਾ ਤੇ ਮਹੱਤਵ ਵੀ ਇਸੇ ਮੂਲ ਰਿਸ਼ਤੇ ਤੇ ਆਧਾਰਿਤ ਹੈ। ਮਨੁੱਖੀ ਚੇਤਨਾ ਤੋਂ ਬਗੈਰ ਦਿਖਦੇ ਸੰਸਾਰ ਦੇ ਸੁਹਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਮਨੁੱਖ ਆਪਣੀਆਂ ਲੋੜਾਂ ਲਈ ਹਮੇਸ਼ਾਂ ਹੀ ਪ੍ਰਕਿਰਤੀ ਉੱਪਰ ਨਿਰਭਰ ਰਹਿੰਦਾ ਹੈ। ਇਸੇ ਲੋੜ ਵਿੱਚੋਂ ਹੀ ਮਨੁੱਖੀ ਚੇਤਨਾ ਨੇ ਦਿਖਦੇ ਜਗਤ ਵਿੱਚ ਕਾਰਜਸ਼ੀਲ ਸ਼ਕਤੀਆਂ ਨੂੰ ਸਮਝਣ ਤੇ ਉਨ੍ਹਾਂ ਉੱਤੇ ਕਾਬੂ ਪਾ ਕੇ ਉਨ੍ਹਾਂ ਨੂੰ ਆਪਣੀ ਲੋੜ ਅਨੁਸਾਰ ਵਰਤਣ ਦੀ ਕੋਸ਼ਿਸ਼ ਕੀਤੀ ਹੈ।

ਮਨੁੱਖ ਹਮੇਸ਼ਾ ਆਪਣੇ ਸਮਾਜ ਵਿੱਚ ਵਿਚਰਦਾ ਰਿਹਾ ਹੈ। ਮਨੁੱਖ ਦੀ ਹੋਂਦ ਸਮਾਜ ਦੇ ਨਾਲ ਹੀ ਬਣਦੀ ਹੈ। ਸਮਾਜ ਤੋਂ ਆਪਣੇ ਆਪ ਨੂੰ ਵੱਖ ਕਰ ਕੇ ਮਨੁੱਖ ਆਪਣੇ ਵਜੂਦ ਦੀ ਕਲਪਨਾ ਵੀ ਨਹੀਂ ਕਰ ਸਕਦਾ। ਸਮਾਜਿਕ ਜੀਵ ਹੋਣ ਦੇ ਨਾਤੇ ਮਨੁੱਖ ਸਮਾਜ ਦੇ ਇੱਕ ਅੰਗ ਵਜੋਂ ਵਿਚਰਦਾ ਹੈ ਅਤੇ ਉਸ ਪ੍ਰਤੀ ਜ਼ਿੰਮੇਵਾਰੀ ਰੱਖਦਾ ਹੈ। ਮਨੁੱਖ ਦੇ ਸਮੁੱਚੇ ਕਾਰਜ ਵਿੱਚ ਭਾਵਨਾਵਾਂ ਦਾ ਦਖਲ ਹੁੰਦਾ ਹੈ। ਮਨੁੱਖ ਸਮਾਜ ਵਿੱਚ ਰਹਿੰਦਿਆਂ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਤੋਂ ਅਭਿੱਜ ਨਹੀਂ ਰਹਿ ਸਕਦਾ।ਉਸ ਦਾ ਕੋਈ ਵੀ ਕਾਰਜ ਸਮਾਜ ਬਾਹਰਾ ਨਹੀਂ। ਸਮਾਜ ਵਿੱਚ ਰਹਿੰਦਿਆਂ ਮਨੁੱਖ ਆਪਣੀਆਂ ਭਾਵਨਾਵਾਂ ਨੂੰ ਦੂਜਿਆਂ ਤੱਕ ਪਹੁੰਚਾਉਣ ਲਈ ਸਾਹਿਤ ਰਚਨਾ ਕਰਦਾ ਹੈ। ਸਾਹਿਤ ਇੱਕ ਸ਼ਾਬਦਿਕ ਕਲਾ ਹੈ, ਜੋ ਸਮਾਜ ਅਤੇ ਪ੍ਰਕਿਰਤੀ ਦਾ ਸੁਹਜਾਤਮਕ ਰੂਪ ਪੇਸ਼ ਕਰਦੀ ਹੈ। ਸਮਾਜ ਵਿੱਚ ਘਟ ਰਹੀਆਂ ਘਟਨਾਵਾਂ , ਹਾਲਤਾਂ, ਪ੍ਰਸਥਿਤੀਆਂ ਤੋਂ ਪ੍ਰਾਪਤ ਅਨੁਭਵ ਨੂੰ ਪੇਸ਼ ਕਰਨਾ ਇੱਕ ਸੁਹਿਰਦ ਲੇਖਕ/ਸਾਹਿਤਕਾਰ ਦਾ ਪਹਿਲਾ ਫ਼ਰਜ਼ ਹੁੰਦਾ ਹੈ। ਹਰ ਛੋਟੀ ਤੋਂ ਛੋਟੀ ਘਟਨਾ ਵੀ ਸੁਹਿਰਦ ਲੇਖਕ ਨੂੰ ਧੁਰ ਅੰਦਰ ਤੱਕ ਹਿਲਾ ਕੇ ਕੁਝ ਸੋਚਣ ਲਈ ਮਜਬੂਰ ਕਰ ਦਿੰਦੀ ਹੈ। ਗੱਲ ਕਿਉਂ ਹੋਈ? ਕਿਵੇਂ ਹੋਈ? ਇਸ ਪਿੱਛੇ ਕਿਹੜੇ ਕਾਰਨ ਜ਼ਿੰਮੇਵਾਰ ਹਨ? ਇਸ ਦਾ ਆਉਣ ਵਾਲੇ ਸਮੇਂ ਤੇ ਕੀ ਅਸਰ ਹੋਵੇਗਾ? ਆਦਿ। ਸੋ ਸੰਵੇਦਨਸ਼ੀਲ ਮਨੁੱਖ ਦਾ ਆਪਾ ਚਾਹੁੰਦਿਆਂ ਹੋਇਆਂ ਵੀ ਇਨ੍ਹਾਂ ਸਮਾਜਿਕ ਉਤਰਾਵਾਂ ਚੜ੍ਹਾਵਾਂ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦਾ। ਜਦੋਂ ਮਨੁੱਖ ਸਾਹਿਤ ਸਿਰਜਣਾ ਕਰਦਾ ਹੈ ਤਾਂ ਉਸ ਪਿੱਛੇ ਮੂਲ ਰੂਪ ਵਿੱਚ ਉਸਦੀ ਸੰਵੇਦਨਸ਼ੀਲਤਾ ਇੱਕ ਪ੍ਰੇਰਕ ਵਜੋਂ ਕੰਮ ਕਰਦੀ ਹੈ।

ਸਾਹਿਤ ਦਾ ਸਮਾਜ ਨਾਲ ਹੀ ਅਨਿਖੜ ਸੰਬੰਧ ਨਹੀਂ ਸਾਹਿਤ ਦਾ ਸਾਹਿਤਕਾਰ ਦੇ ਵਿਅਕਤਿਤਵ ਨਾਲ ਵੀ ਬਹੁਤ ਡੂੰਘਾ ਸੰਬੰਧ ਹੁੰਦਾ ਹੈ ਅਤੇ ਸਾਹਿਤ ਤੇ ਸਮੇਂ ਦੀ ਮੋਹਰ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ।

ਸਾਹਿਤਕਾਰ ਇਸ ਸਮੁੱਚੇ ਵਿਧਾਨ ਵਿੱਚੋਂ ਪ੍ਰਾਪਤ ਅਨੁਭਵ ਨੂੰ ਸਾਹਿਤਿਕ ਰਚਨਾ ਵਿੱਚ ਪੇਸ਼ ਕਰਦਾ ਹੈ। ਇਸੇ ਲਈ ਕਹਿੰਦੇ ਹਨ ਕਿ ਸਾਹਿਤਕਾਰ ਆਪਣੇ ਸਮੇਂ ਦਾ ਅਨੁਸਾਰੀ ਹੁੰਦਾ ਹੈ। ਉਹ ਆਪਣੇ ਸਮੇਂ ਵਿਚਲੀਆਂ ਘਟਨਾਵਾਂ ਨੂੰ ਸਾਹਿਤ ਵਿੱਚ ਢਾਲਦਾ ਹੈ। ਉਸਦਾ ਜੀਵਨ ਤਜ਼ਰਬਾ ਹੀ ਉਸਦੀ ਸਾਹਿਤ ਕਲਾ ਦਾ ਆਧਾਰ ਬਣਦਾ ਹੈ।

ਸਾਹਿਤ ਇੱਕ ਕਲਾ ਹੈ। ਹਰ ਵਿਅਕਤੀ ਦੇ ਜੀਵਨ ਵਿੱਚ ਰੋਜ਼ ਕੋਈ ਨਾ ਕੋਈ ਘਟਨਾ ਵਾਪਰਦੀ ਹੈ। ਪਰ ਹਰ ਕੋਈ ਇਸ ਨੂੰ ਸਾਹਿਤ ਰੂਪ ਦੇਣ ਦੇ ਕਾਬਿਲ ਨਹੀਂ ਹੁੰਦਾ। ਸਾਹਿਤਕਾਰ ਵਿੰਭਿਨ ਜੁਗਤਾਂ ਦੇ ਮਾਧਿਅਮ ਰਾਹੀਂ ਸਾਹਿਤ ਦੀ ਰਚਨਾ ਕਰਦਾ ਹੈ। ਲੇਖਕ ਦੀ ਕਲਾ ਅਤੇ ਸਮਰੱਥਾ ਇਸ ਗੱਲ ਵਿੱਚ ਹੁੰਦੀ ਹੈ ਕਿ ਉਹ ਘਟਨਾਵਾਂ ਨੂੰ ਆਪਣੇ ਕਲਾਤਮਕ ਵਿਵੇਕ ਨਾਲ ਮਹੱਤਵਪੂਰਨ ਬਣਾ ਕੇ ਪੇਸ਼ ਕਰੇ। ਚੰਗਾ ਸਾਹਿਤ ਮਾਨਵੀ ਜੀਵਨ ਨੂੰ ਛੁਟਿਆ ਕੇ ਨਹੀਂ ਵੇਖਦਾ ਬਲਕਿ ਪ੍ਰਤਿਕੂਲ ਮਾਨਵੀ ਪ੍ਰਸਥਿਤੀਆਂ ਵਿੱਚ ਵੀ ਆਸ਼ਾਵਾਦ ਉਜਾਗਰ ਕਰਦਾ ਨਜ਼ਰੀ ਪੈਂਦਾ ਹੈ।

ਜੀਵਨ ਅਤੇ ਰਚਨਾ ਦਾ ਆਪਸ ਵਿੱਚ ਡੂੰਘਾ ਸੰਬੰਧ ਹੈ। ਸਾਹਿਤਿਕ ਰਚਨਾ ਸਾਹਿਤਕਾਰ ਦੇ ਜੀਵਨ ਅਨੁਭਵ ਵਿੱਚੋਂ ਹੀ ਪੈਦਾ ਹੁੰਦੀ ਹੈ।ਇੱਕ ਸਾਹਿਤਕਾਰ ਕੋਲ ਜਿੱਥੇ ਨਿਜੀ ਅਨੁਭਵ ਹੁੰਦਾ ਹੈ ਉੱਥੇ ਉਸ ਕੋਲ ਸਮਾਜਿਕ ਅਨੁਭਵ ਵੀ ਹੁੰਦਾ ਹੈ। ਸਾਹਿਤਕਾਰ ਦਾ ਇਹੀ ਅਨੁਭਵ ਉਸਦੀ ਸਿਰਜਣ ਪ੍ਰਕਿਰਿਆ ਵਿੱਚ ਸਹਾਇਕ ਹੁੰਦਾ ਹੈ। ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਪ੍ਰੋ. ਗੁਰਦਿਆਲ ਸਿੰਘ ਅਨੁਸਾਰ :

> "ਕਿਸੇ ਵੀ ਲੇਖਕ ਦਾ ਨਿਜੀ ਅਨੁਭਵ ਉਸਦੀ ਸਿਰਜਣ ਪ੍ਰਕਿਰਿਆ ਰਾਹੀਂ ਢਲਦਾ ਹੈ। ਅਨੁਭਵ ਸ਼ਬਦ ਦਾ ਭਾਵ ਅਰਥ ਹੈ ਕਿ ਇਲਾਕੇ, ਸਥਾਨ ਵਿੱਚ ਮਨੁੱਖ ਦਾ ਜਨਮ ਹੁੰਦਾ ਹੈ, ਉਸ ਆਲੇ-ਦੁਆਲੇ, ਮਾਤਾ-ਪਿਤਾ, ਸਾਕ-ਸੰਬੰਧੀਆਂ, ਆਂਢ-ਗੁਆਂਢ ਤੋਂ ਜਿੰਨੀ ਤੇ ਜਿਹੋ ਜਿਹੀ ਜਾਣਕਾਰੀ ਵਿਚਾਰ, ਭਾਵਨਾਵਾਂ ਤੇ ਵਰਤ ਵਿਹਾਰ ਦੇ ਢੰਗ ਤਰੀਕੇ ਉਹ ਸਿੱਖਦਾ ਹੈ ਉਹ ਮਿਲਕੇ ਉਸਦਾ ਅਨੁਭਵ ਬਣਦੇ ਹਨ। ਅਨੁਭਵ ਨਿਰੇ ਸੰਸਕਾਰ ਰਹਿਤ ਉਤਪੰਨ ਹੋਏ ਗਿਆਨ ਤੱਕ ਹੀ ਸੀਮਿਤ ਨਹੀਂ ਹੁੰਦਾ ਸਗੋਂ ਮਨੁੱਖੀ ਰਿਸ਼ਤਿਆਂ, ਸਮਾਜਿਕ ਜੀਵਨ ਦੇ ਹਰ ਤਰ੍ਹਾਂ ਦੇ ਦਬਾਵਾਂ, ਰਸਮ ਰਿਵਾਜਾਂ, ਲੜਾਈ ਝਗੜਿਆਂ ਤੇ ਬੰਧਨਾਂ ਆਦਿ ਰਾਹੀਂ ਜੋ ਵੀ ਭਾਵਨਾਵਾਂ, ਖਿਆਲ ਵਿਚਾਰ ਵਿਕਸਤ ਹੁੰਦੇ ਉਹ ਸਭ ਕੁਝ ਸਮਾਇਆ ਹੁੰਦਾ ਹੈ ਜਿਸਦੇ ਆਸਰੇ ਮਨੁੱਖ ਦੀ ਪੂਰੀ ਸ਼ਖ਼ਸੀਅਤ ਵਿਕਸਤ ਹੁੰਦੀ ਹੈ ਤੇ ਜਿਸ ਅਨੁਸਾਰ ਉਸਦਾ ਨਿੱਜੀ ਤੇ ਸਮਾਜਿਕ ਵਰਤਾਰਾ ਨਿਸ਼ਚਿਤ ਹੁੰਦਾ ਹੈ।"[1]

ਇੱਕ ਸਾਹਿਤਕਾਰ ਦੀ ਸ਼ਖ਼ਸੀਅਤ ਆਮ ਵਿਅਕਤੀਆਂ ਨਾਲੋਂ ਵੱਖ ਹੁੰਦੀ ਹੈ। ਸਾਹਿਤਕਾਰ ਆਮ ਵਿਅਕਤੀਆਂ ਨਾਲੋਂ ਵਧੇਰੇ ਸੰਵੇਦਨਸ਼ੀਲ ਹੋਣ ਕਰਕੇ, ਸਮਾਜ ਵਿੱਚ ਵਾਪਰਦੀ ਹਰ ਘਟਨਾ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ ਅਤੇ ਉਸ ਤੋਂ ਪ੍ਰਭਾਵਿਤ ਹੁੰਦਾ ਹੈ । ਉਹ ਆਪਣੇ ਜੀਵਨ ਵਿੱਚ ਵਾਪਰੀਆਂ ਘਟਨਾਵਾਂ ਨੂੰ ਸਾਹਿਤ ਦੇ ਕਿਸੇ ਨ ਕਿਸੇ ਰੂਪ ਵਿੱਚ ਪੇਸ਼ ਕਰਦਾ ਹੈ। ਰਚਨਾ ਦਾ ਯਥਾਰਥ ਤਾਂ ਪਹਿਲਾਂ ਹੀ ਉਸ ਦੇ ਦਿਮਾਗ ਵਿੱਚ ਪਿਆ ਹੁੰਦਾ ਹੈ, ਜਿਸਦਾ ਪ੍ਰਗਟਾ ਉਹ ਸਾਹਿਤ ਦੇ ਮਾਧਿਅਮ ਰਾਹੀਂ ਕਰਦਾ ਹੈ। ਸਾਹਿਤਕਾਰ ਦਾ ਜੀਵਨ ਅਨੁਭਵ ਹੀ ਉਸਦੀ ਸਿਰਜਣ ਪ੍ਰਕਿਰਿਆ ਦਾ ਬੁਨਿਆਦੀ ਲੱਛਣ ਹੈ। ਇਹ ਸਮਾਜ ਦੇ ਇੱਕ ਪੱਖ ਨਾਲ ਨਹੀਂ ਸਗੋਂ ਸਮਾਜ ਵਿਚਲੇ ਸਮੁੱਚੇ ਵਰਤਾਰੇ ਨਾਲ ਜੁੜਿਆ ਹੁੰਦਾ ਹੈ। ਜੀਵਨ ਅਤੇ ਰਚਨਾ ਦੇ ਆਪਸੀ ਸੰਬੰਧ ਬਾਰੇ ਹਡਸਨ ਦਾ ਕਥਨ ਹੈ :

> "ਕਲਾ ਜੀਵਨ ਤੋਂ ਉਤਪੰਨ ਹੁੰਦੀ ਹੈ, ਜੀਵਨ ਤੇ ਪਲਦੀ ਹੈ ਅਤੇ ਜੀਵਨ ਤੋਂ ਹੀ ਪ੍ਰਭਾਵਿਤ ਹੁੰਦੀ ਹੈ।"[2]

ਲੇਖਕ ਦਾ ਜੀਵਨ ਅਨੁਭਵ ਉਸਦੀ ਰਚਨਾ ਵਿੱਚ ਪ੍ਰਸਤੁਤ ਹੋ ਕੇ ਉਸਨੂੰ ਅਰਥਪੂਰਣ ਬਣਾਉਂਦਾ ਹੋਇਆ, ਸਾਹਿਤ ਦੇ ਪ੍ਰਯੋਜਨ ਵਿੱਚ ਸਹਾਇਕ ਹੁੰਦਾ ਹੈ। ਇਸੇ ਕਰਕੇ ਮੈਕਸਿਮ ਗੋਰਕੀ ਨੇ ਲਿਖਿਆ ਹੈ ਕਿ "ਜੀਵਨ ਤੇ ਰਚਨਾ ਇੱਕ ਦੂਜੇ ਤੋਂ ਨਿਖੇੜੇ ਨਹੀਂ ਜਾ ਸਕਦੇ।"[3]

ਇਸ ਤਰ੍ਹਾਂ ਜੀਵਨ ਦਾ ਸਮੁੱਚਾ ਅਨੁਭਵ, ਸਾਹਿਤ ਦੀ ਸਿਰਜਣ ਪ੍ਰਕਿਰਿਆ ਦੌਰਾਨ ਬੁਨਿਆਦੀ ਆਧਾਰ ਸਮੱਗਰੀ ਬਣਦਾ ਹੈ। ਇਸ ਸਿਰਜਣ ਪ੍ਰਕਿਰਿਆ ਵਿੱਚੋਂ ਉਪਜਿਆ ਸਾਹਿਤ ਜੀਵਨ ਅਨੁਭਵ ਨੂੰ ਇਕਹਿਰੇ ਪੱਖ ਤੋਂ ਪੇਸ਼ ਨਹੀਂ ਕਰਦਾ, ਸਗੋਂ ਉਹ ਸਾਹਿਤਕਾਰ ਦੇ ਜੀਵਨ ਅਤੇ ਵਿਸ਼ਵ ਦ੍ਰਿਸ਼ਟੀਕੋਣ ਨੂੰ ਪ੍ਰਸਤੁਤ ਕਰਦਾ ਹੈ।ਪ੍ਰੋਫ਼ੈਸਰ ਗੁਰਦਿਆਲ ਸਿੰਘ ਅਨੁਸਾਰ :

> "ਗਲਪ ਸਿਰਜਣ ਪ੍ਰਕਿਰਿਆ ਬਹੁਤ ਹੀ ਜਟਿਲ ਪ੍ਰਕਿਰਿਆ ਹੈ ਜਿਸ ਵਿੱਚ ਨਿੱਜੀ, ਸਮੂਹਕ ਅਨੁਭਵ, ਵਿਚਾਰ, ਦ੍ਰਿਸ਼ਟੀਕੋਣ ਤੇ ਗਲਪ-ਜੁਗਤਾਂ ਨੂੰ ਇੰਝ 'ਇੱਕ ਜਾਨ' ਕੀਤਾ ਜਾਂਦਾ ਹੈ ਕਿ ਇਸ ਪ੍ਰਕਿਰਿਆ ਰਾਹੀਂ ਕਿਸੇ ਗਲਪ ਰਚਨਾ ਨੂੰ ਸਮਰੱਥ, ਉੱਤਮ ਤੇ ਯਥਾਰਥਕ ਰਚਨਾ ਦਾ ਰੂਪ ਦਿੱਤਾ ਜਾ ਸਕੇ। ਜੇ ਇਸ ਪ੍ਰਕਿਰਿਆ ਵਿੱਚ ਸਿਰਜਣਾ ਦੀ ਕੋਈ ਵੀ ਤੰਦ ਢਿੱਲੀ ਰਹਿ ਗਈ ਤਾਂ ਉਹ ਸਿਰਜਣਾ ਸੁੰਦਰ ਅਤੇ ਪ੍ਰਭਾਵਵਾਦੀ ਮੂਰਤੀ ਬਣਨ ਦੀ ਥਾਂ ਕੋਈ ਬਦਰੂਪ ਜਿਹਾ, ਪ੍ਰਭਾਵਹੀਣ ਖਿਡੌਣਾ ਬਣਕੇ ਰਹਿ ਜਾਵੇਗੀ।"[4]

ਨਿਰਸੰਦੇਹ ਜੀਵਨ ਅਤੇ ਰਚਨਾ ਦਾ ਆਪਸ ਵਿੱਚ ਰਿਸ਼ਤਾ ਅਟੁੱਟ ਹੈ।ਜੀਵਨ ਅਤੇ ਰਚਨਾ ਦੇ ਅਟੁੱਟ ਰਿਸ਼ਤੇ ਨੂੰ ਸਵੀਕਾਰਦਿਆਂ, ਵਿਚਾਰਅਧੀਨ ਸਾਹਿਤਕਾਰ ਦੀ ਸ਼ਨਾਖ਼ਤ ਲਾਜ਼ਮੀ ਹੈ ਜਿਸਦੇ ਅੰਤਰਗਤ ਉਹ ਆਪਣੀ ਸਾਹਿਤ ਸੰਵੇਦਨਾ ਨੂੰ ਸਿਰਜਣ ਦੇ ਸਮਰੱਥ ਹੋਇਆ ਹੈ।

ਰਵਿੰਦਰ ਰਵੀ ਪੰਜਾਬੀ ਸਾਹਿਤ ਦੇ ਪਾਠਕਾਂ ਲਈ ਇੱਕ ਪਰੀਚਿਤ ਅਤੇ ਚਰਚਿਤ ਨਾਮ ਹੈ। ਉਸਨੇ ਗਿਣਤੀ ਪੱਖੋਂ ਢੇਰ ਸਾਰੀਆਂ ਪੁਸਤਕਾਂ ਦੀ ਰਚਨਾ ਕੀਤੀ ਹੈ। ਉਸ ਨੇ ਆਧੁਨਿਕ ਪੰਜਾਬੀ ਸਾਹਿਤ ਦੀ ਲਗਭਗ ਹਰ ਵਿਧਾ ਤੇ ਹੱਥ ਅਜ਼ਮਾਇਆ ਹੈ। ਉਸਦੇ ਜੀਵਨ ਤੇ ਰਚਨਾ ਬਾਰੇ ਪੱਖਾਂ ਨੂੰ ਜਾਣਨ ਤੋਂ ਪਹਿਲਾਂ ਇਹ ਜਾਣ ਲੈਣਾ ਬੇਹੱਦ ਜ਼ਰੂਰੀ ਹੈ ਕਿ ਉਸਦੇ ਮੁੱਢਲੇ ਜੀਵਨ ਦੇ ਕਿਹੜੇ ਪ੍ਰੇਰਨਾ ਸਰੋਤ ਹਨ ਜਿਨ੍ਹਾਂ ਦੀ ਬਦੌਲਤ 1955-56 ਤੋਂ ਆਪਣੇ ਸਾਹਿਤਿਕ ਸਫ਼ਰ ਦਾ ਆਗ਼ਾਜ਼ ਕਰਕੇ ਉਹ ਅੱਜ ਵੀ ਨਿਰੰਤਰ ਸਾਧਨਾ ਨਾਲ ਸਾਹਿਤ ਰਚਨਾ ਕਰਦਾ ਆ ਰਿਹਾ ਹੈ।

ਰਵਿੰਦਰ ਰਵੀ ਦੇ ਰਚਨਾਤਮਕ ਜਗਤ ਦਾ ਵਿਸ਼ਲੇਸ਼ਣ ਕਰਦਿਆਂ ਇਹ ਵਿਚਾਰਨਾ ਲਾਹੇਵੰਦ ਹੋਵੇਗਾ ਕਿ ਉਸਦੀ ਲੇਖਨੀ ਨੂੰ ਕਿਨ੍ਹਾਂ ਘਟਨਾਵਾਂ, ਵਿਚਾਰਾਂ, ਕਾਰਨਾਂ, ਪ੍ਰਸਥਿਤੀਆਂ ਆਦਿ ਨੇ ਪ੍ਰਭਾਵਿਤ ਕੀਤਾ। ਰਵੀ ਦੇ ਜੀਵਨ ਸੰਬੰਧੀ ਜਾਣਕਾਰੀ ਦਾ ਮੁੱਖ ਸ੍ਰੋਤ ਉਸ ਦੁਆਰਾ ਲਿਖੀ ਸਾਹਿਤਿਕ ਸਵੈਜੀਵਨੀ ਹੈ, ਜਿਸ ਵਿੱਚ ਉਸ ਨੇ ਆਪਣੇ ਸਾਹਿਤਿਕ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਵਿਸਤਾਰ ਸਹਿਤ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਸਮੇਂ-ਸਮੇਂ ਹੋਈਆਂ ਸਾਹਿਤਿਕ ਗੋਸ਼ਟੀਆਂ ਅਤੇ ਮੁਲਾਕਾਤਾਂ ਤੋਂ ਵੀ ਉਸ ਦੇ ਵਿਅਕਤਿਤਵ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਵੱਖ-ਵੱਖ ਵਿਦਵਾਨਾਂ ਦੁਆਰਾ ਉਸ ਦੀਆਂ ਰਚਨਾਵਾਂ ਤੇ ਕੀਤੀਆਂ ਟਿੱਪਣੀਆਂ ਤੇ ਵਿਚਾਰਾਂ ਤੋਂ ਵੀ ਉਸਦੀ ਸ਼ਖ਼ਸੀ ਜ਼ਿੰਦਗੀ ਦੇ ਵੱਖਰੇ-ਵੱਖਰੇ ਪਸਾਰਾਂ ਸੰਬੰਧੀ ਜਾਣਕਾਰੀ ਮਿਲਦੀ ਹੈ।

ਰਵਿੰਦਰ ਰਵੀ ਦਾ ਜਨਮ 8 ਮਾਰਚ 1937 ਨੂੰ ਸਿਆਲਕੋਟ (ਪਾਕਿਸਤਾਨ) ਵਿੱਚ ਮਾਤਾ ਚਰਨਜੀਤ ਕੌਰ ਅਤੇ ਪਿਤਾ ਪ੍ਰੋ. ਪਿਆਰਾ ਸਿੰਘ ਗਿੱਲ ਦੇ ਘਰ ਹੋਇਆ। ਰਵੀ ਆਪਣੇ ਮਾਤਾ-ਪਿਤਾ ਦੇ ਘਰ ਕਈ ਸਾਲਾਂ ਬਾਅਦ ਪੈਦਾ ਹੋਇਆ। ਇਸ ਕਰਕੇ ਇਸ ਨੂੰ ਆਪਣੇ ਪਰਿਵਾਰਕ ਮੈਂਬਰਾ ਤੋਂ ਭਰਪੂਰ ਪਿਆਰ ਮਿਲਿਆ। ਰਵੀ ਦਾ ਕਹਿਣਾ ਹੈ:-

> "ਮੈਂ ਮਾਤਾ-ਪਿਤਾ ਦੇ ਵਿਆਹ ਉਪਰੰਤ ਪੂਰੇ ਸੱਤ ਸਾਲ ਬਾਅਦ ਮਸਾਂ ਕਰਕੇ ਪੈਦਾ ਹੋਇਆ ਸਾਂ। ਲਾਡ ਪਿਆਰ ਤੇ ਅੰਨ੍ਹੀ ਖੁੱਲ ਖੇਡ ਨੇ ਮੈਨੂੰ ਬਚਪਨ ਵਿੱਚ ਹੀ ਨਹੀਂ, ਜਵਾਨੀ ਵਿੱਚ 'ਤੇ ਹੁਣ ਤੱਕ ਦੀ ਉਮਰ ਵਿੱਚ ਵੀ ਭਟਕਾਈ ਰੱਖਿਆ ਹੈ।"[5]

ਰਵਿੰਦਰ ਰਵੀ ਦੇ ਪਿਤਾ ਪ੍ਰੋ. ਪਿਆਰਾ ਸਿੰਘ ਗਿੱਲ ਖੁਦ ਇੱਕ ਲੇਖਕ ਸਨ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਆਲੋਚਨਾ ਦੀ ਪੁਸਤਕ **ਨਾਟਕ ਰਤਨਾਕਰ** ਉੱਤੇ ਲਾਹੌਰ ਟੈਕਸਟ ਬੁੱਕ ਕਮੇਟੀ ਵੱਲੋਂ ਐਵਾਰਡ ਮਿਲਿਆ ਸੀ। ਉਨ੍ਹਾਂ ਦੀ ਦਿਲੀ ਖਾਹਿਸ਼ ਸੀ ਕਿ ਉਨ੍ਹਾਂ ਦਾ ਪੁੱਤਰ ਵੱਡਾ ਹੋ ਕੇ ਇੱਕ ਚੰਗਾ ਸਾਹਿਤਕਾਰ ਬਣੇ। ਇਸੇ ਕਰਕੇ

ਉਨ੍ਹਾਂ ਆਪਣੇ ਪੁੱਤਰ ਦਾ ਨਾਂ ਰਵਿੰਦਰ ਨਾਥ ਟੈਗੋਰ ਦੇ ਨਾਂ ਤੇ ਰੱਖਿਆ। ਰਵਿੰਦਰ ਰਵੀ ਆਪਣੀ ਸਵੈਜੀਵਨੀ ਵਿੱਚ ਲਿਖਦਾ ਹੈ :

> "ਮੇਰੇ ਪਿਤਾ ਜੀ ਗਿਆਨੀ ਪਿਆਰਾ ਸਿੰਘ ਗਿੱਲ ਨੇ ਮੇਰੇ ਜਨਮ ਸਮੇਂ ਆਪਣੇ ਮਨ ਵਿੱਚ ਇਹ ਅਕਾਂਖਿਆ ਪਾਲੀ ਸੀ ਕਿ ਮੈਂ ਕਲਾਕਾਰ ਬਣਾਂ। ਆਪਣੀ ਯਾਦਾਸ਼ਤ ਵਿੱਚ ਉਨ੍ਹਾਂ ਲਿਖਿਆ ਹੈ ਕਿ ਮੈਨੂੰ ਕਲਾਕਾਰ ਬਣਦਾ ਵੇਖਣ ਲਈ ਉਨ੍ਹਾਂ ਮੇਰਾ ਨਾਂ ਰਵਿੰਦਰ ਨਾਥ ਟੈਗੋਰ ਦੇ ਨਾਂ ਤੇ ਰੱਖਿਆ ਸੀ।"[6]

ਰਵਿੰਦਰ ਰਵੀ ਨੇ ਬੀ.ਏ. (ਆਨਰਜ਼), ਐਮ.ਏ, ਬੀ.ਟੀ ਤੱਕ ਦੀ ਵਿਦਿਆ ਹਾਸਿਲ ਕੀਤੀ। ਆਪਣੇ ਵਿਵਸਾਇਕ ਜੀਵਨ ਦਾ ਆਗ਼ਾਜ਼ ਉਸ ਨੇ ਆਪਣੇ ਜੱਦੀ ਪਿੰਡ ਜਗਤਪੁਰ ਵਿੱਚ ਪ੍ਰਾਇਮਰੀ ਅਧਿਆਪਕ ਵਜੋਂ ਕੀਤਾ। ਫਿਰ 1966 ਵਿੱਚ ਤਲਵਣ (ਜਲੰਧਰ) ਦੇ ਹਾਇਰ ਸੈਕੰਡਰੀ ਸਕੂਲ ਵਿੱਚ ਅਧਿਆਪਨ ਕਾਰਜ ਕੀਤਾ। ਘਰ ਦੇਰ ਨਾਲ ਆਉਣਾ, ਸ਼ਰਾਬ ਪੀਣਾ ਤੇ ਹੋਰ ਫੱਕੜਪੁਣਾ ਰਵਿੰਦਰ ਰਵੀ ਦੇ ਸੁਭਾਅ ਦਾ ਅੰਗ ਬਣ ਗਿਆ। ਇਹ ਸਭ ਕੁਝ ਉਸ ਦੇ ਪਿਤਾ ਪ੍ਰੋ. ਪਿਆਰਾ ਸਿੰਘ ਗਿੱਲ ਨੂੰ ਬਿਲਕੁਲ ਵੀ ਪਸੰਦ ਨਹੀਂ ਸੀ। ਪਿਉ ਪੁੱਤਰ ਵਿੱਚ ਵਿਚਾਰਾਂ ਦੇ ਤਾਲਮੇਲ ਦੀ ਅਣਹੋਂਦ ਤਕਰਾਰ ਦੀ ਸਥਿਤੀ ਵਿੱਚ ਬਦਲ ਗਈ। ਅੰਤ ਰਵੀ ਨੇ ਘਰ ਆਉਣਾ ਛੱਡ ਦਿੱਤਾ। ਰਵੀ ਨੇ ਆਪਣਾ ਸਮਾਂ ਕਦੇ ਸੁਖਪਾਲਵੀਰ ਸਿੰਘ ਹਸਰਤ, ਕਦੇ ਜਗਦੀਸ਼ ਛਾਬੜਾ, ਕਦੇ ਜਸਬੀਰ ਸਿੰਘ ਆਹਲੂਵਾਲੀਆ ਅਤੇ ਕਦੇ ਰਣਧੀਰ ਸਿੰਘ ਬੇਦੀ ਕੋਲ ਗੁਜ਼ਾਰਨਾ ਸ਼ੁਰੂ ਕਰ ਦਿੱਤਾ।ਜਦੋਂ ਉਸ ਦੇ ਪਿਤਾ ਨੂੰ ਇਹ ਪਤਾ ਲੱਗਦਾ ਕਿ ਉਸ ਦਾ ਪੁੱਤਰ ਜਲੰਧਰ ਰਹਿ ਕੇ ਵੀ ਉਨ੍ਹਾਂ ਨੂੰ ਮਿਲਣ ਨਹੀਂ ਆਉਂਦਾ ਤਾਂ ਉਨ੍ਹਾਂ ਨੂੰ ਬਹੁਤ ਦੁੱਖ ਹੁੰਦਾ। ਅੰਤ ਇੱਕ ਦਿਨ ਪਿਉ ਪੁੱਤਰ ਨੇ ਬੈਠ ਕੇ ਸਮਝੌਤਾ ਕੀਤਾ। ਰਵਿੰਦਰ ਰਵੀ ਦੇ ਆਪਣੇ ਸ਼ਬਦਾਂ ਵਿੱਚ :

> "ਉਨ੍ਹਾਂ ਰੌਂ ਜਿਹੇ ਵਿੱਚ ਆ ਕੇ ਆਖਿਆ "ਤੇਰੇ ਨਾਲ ਇੱਕ ਸਮਝੌਤਾ ਕਰਨਾ ਹੈ। ਮੈਂ ਪੁਛਿਆ ਕੀ? ਉਹ ਕਹਿਣ ਲੱਗੇ "ਤੂੰ ਸਾਡੇ ਕੋਲੋ ਕਹਿਣ ਤੇ ਟੋਕਣ ਦਾ ਅਧਿਕਾਰ ਨਾ ਖੋਹ, ਪਰ ਕਰ ਜੋ ਮਰਜ਼ੀ। ਇਸ ਤਰ੍ਹਾਂ ਅਸੀਂ ਆਪਣੇ ਰਵੀ ਤੇ ਰਵਿੰਦਰ ਨੂੰ ਇੱਕ ਇਕਾਈ ਵਿੱਚ ਵੇਖ ਸਕਾਂਗੇ।"[7]

ਪਿਉ ਪੁੱਤਰ ਵਿੱਚ ਹੋਏ ਇਸ ਸਮਝੌਤੇ ਨੂੰ ਰਵਿੰਦਰ ਰਵੀ ਨੇ ਪੂਰੀ ਇਮਾਨਦਾਰੀ ਨਾਲ ਨਿਭਾਇਆ। ਅੱਗੋ ਉਸ ਦੇ ਪੁੱਤਰ ਨੂੰਹਾਂ ਨੇ ਵੀ ਇਸ ਸਮਝੌਤੇ ਦੀ ਪੂਰੀ ਵਫਾਦਾਰੀ ਨਾਲ ਪਾਲਣਾ ਕਰਕੇ ਸਮਝੌਤੇ ਪਿੱਛੇ ਲੁਕੀ ਮੂਲ ਭਾਵਨਾ ਪ੍ਰਤੀ ਆਦਰ ਸਤਿਕਾਰ ਦਾ ਪ੍ਰਮਾਣ ਦਿੱਤਾ ਹੈ। ਰਵੀ ਅਨੁਸਾਰ :

"ਪਰ ਸਾਡਾ ਇਹ ਸਮਝੌਤਾ ਖਤਮ ਨਹੀਂ ਹੋਇਆ। ਅੱਜ ਤੀਕ ਵੀ ਜਾਰੀ ਹੈ। ਮੇਰੇ ਦੋ ਪੁੱਤਰ ਅਮ੍ਰਿਤਪਾਲ ਤੇ ਸਹਿਜਪਾਲ ਅਤੇ ਕ੍ਰਮਵਾਰ ਉਨ੍ਹਾਂ ਦੀਆਂ ਪਤਨੀਆਂ ਪਲਵਿੰਦਰ ਤੇ ਮਨਵੀਨ ਇਸ ਸਮਝੌਤੇ ਦੇ ਜਿਉਂਦੇ ਜਾਗਦੇ ਗਵਾਹ ਹਨ। ਅੱਜ ਇਸ ਸਮਝੌਤੇ ਨੇ ਪੀੜੀਆਂ ਦੀਆਂ ਹੱਦਾਂ ਮੇਟ ਦਿੱਤੀਆਂ ਹਨ।"[8]

1954-55 ਵਿੱਚ ਸਾਹਿਤ ਰਵਿੰਦਰ ਰਵੀ ਤੇ ਸਹਿਜ ਰੂਪ ਵਿੱਚ ਘਟਿਆ। ਇਨ੍ਹਾਂ ਦਿਨਾਂ ਵਿੱਚ ਉਹ ਆਪਣੇ ਜੀਵਨ ਦੀ ਨਿਰਾਰਥਕਤਾ ਦੇ ਬੋਝ ਹੇਠ ਵਿਚਰ ਰਿਹਾ ਸੀ। ਐਫ.ਐਸ.ਸੀ (ਮੈਡੀਕਲ) ਵਿੱਚ ਦੋ ਵਾਰ ਫੇਲ ਹੋਣ ਤੇ ਉਸਦੀ ਵਿਦਿਆ ਰੁਕ ਗਈ। ਭਵਿੱਖ ਧੁੰਦਲਾ ਹੋ ਗਿਆ ਸੀ। ਘਰ ਅਤੇ ਬਾਹਰ ਸਿਰਫ ਬੇਕਦਰੀ ਦਾ ਹੀ ਪਹਿਰਾ ਸੀ। ਰਵੀ ਕੁਝ ਵੱਖਰਾ ਕਰਨ ਦਾ ਚਾਹਵਾਨ ਸੀ ਪਰ ਉਸ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਉਹ ਕੀ ਕਰੇ। ਉਸ ਨੂੰ ਇੰਝ ਮਹਿਸੂਸ ਹੋਣ ਲੱਗਾ ਕਿ ਜਿਵੇਂ ਉਸਦੇ ਜੀਵਨ ਵਿੱਚ ਕੋਈ ਮੰਤਵ ਹੀ ਨਹੀਂ ਰਹਿ ਗਿਆ। ਉਸਦੀਆਂ ਅੱਖਾਂ ਅੱਗੇ ਹਨੇਰਾ ਹੀ ਹਨੇਰਾ ਸੀ। ਰਵੀ ਉਸ ਸਮੇਂ ਦੀ ਆਪਣੀ ਮਾਨਸਿਕ ਸਥਿਤੀ ਬਾਰੇ ਕਹਿੰਦਾ ਹੈ :

"ਜੀਵਨ ਤੋਂ ਅਪਸਾਰ ਜਦੋਂ ਆਤਮ-ਹੱਤਿਆ(ਮੌਤ) ਵੱਲ ਲੈ ਤੁਰਿਆ, ਤਾਂ ਆਪਣੇ ਦੁਆਲੇ ਇੱਕ ਅਨ੍ਹੇਰੀ ਬੰਦ ਗੁਫ਼ਾ ਉਸਰਦੀ ਪ੍ਰਤੀਤ ਹੋਈ। ਇਸ ਅਵਸਥਾ ਵਿੱਚ ਜਦ ਵੀ ਜਿੱਥੇ ਵੀ ਮੇਰੇ ਪੈਰਾਂ ਨੂੰ ਠੋਹਕਰ ਲੱਗੀ; ਉਦੋ ਹੀ ਉੱਥੋਂ ਹੀ, ਪੈਰਾਂ 'ਚੋਂ ਰਾਹਾਂ ਨੂੰ ਪਹਿਚਾਣਦੀਆਂ ਅੱਖਾਂ ਫੁੱਟ ਪਈਆਂ ਅਤੇ ਉਦੈ-ਅਸਤ ਵਿਚਕਾਰ ਬੰਦ ਹੋਈਆਂ ਪਲਕਾਂ ਦੇ ਪਿੱਛੇ ਚਿੰਤਨ ਦਾ ਪ੍ਰਕਾਸ਼ ਹੋਇਆ। ਅੱਗੇ ਜਾ ਕੇ ਇਸ ਅੰਦਰ ਤੇ ਬਾਹਰ ਦੇ ਅਨੁਭਵ ਨੇ ਪਿੰਡ ਤੇ ਬ੍ਰਹਿਮੰਡ ਦੇ ਅਨੁਭਵ ਨਾਲ ਤਦਰੂਪਤਾ ਸਥਾਪਤ ਕਰ ਲਈ।"[9]

ਮਨੁੱਖ ਦੀ ਜ਼ਿੰਦਗੀ ਵਿੱਚ ਕੁਝ ਪਲ ਅਜਿਹੇ ਵੀ ਆਉਂਦੇ ਹਨ ਜਦ ਇੰਝ ਪ੍ਰਤੀਤ ਹੁੰਦਾ ਹੈ ਕਿ ਇੱਕ ਛਿਣ ਵਿੱਚ ਹੀ ਸਮੁੱਚਾ ਜੀਵਨ ਸਮਾ ਗਿਆ ਹੈ ਅਤੇ ਉਮਰ ਭਰ ਦੀ ਭਟਕਣ ਦਾ ਬੋਝ ਮਨ ਤੋਂ ਲਹਿ ਗਿਆ ਹੈ। ਉਸ ਵੇਲੇ ਇਸ ਤਰ੍ਹਾਂ ਲਗਦਾ ਹੈ ਜਿਵੇਂ ਕਿ ਨਵਾਂ ਜਨਮ ਹੀ ਮਿਲ ਗਿਆ ਹੋਵੇ। ਇਹ ਅਹਿਸਾਸ ਵੀ ਉਸ ਵਿਅਕਤੀ ਨੂੰ ਹੀ ਹੋ ਸਕਦਾ ਹੈ ਜਿਸ ਨੇ ਜ਼ਿੰਦਗੀ ਵਿੱਚ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕੀਤਾ ਹੋਵੇ। ਰਵੀ ਅਜਿਹੇ ਅਹਿਸਾਸ ਪ੍ਰਗਟ ਕਰਦਾ ਲਿਖਦਾ ਹੈ :

ਰੁੰਡ ਬ੍ਰਿਛਾਂ ਹੇਠ ਪੱਤੇ ਸਰਸਰਾਏ
ਕਿਸ ਤਰ੍ਹਾਂ ਹਵਾ ਨੂੰ ਕੋਈ ਬੰਨ੍ਹ ਬਹਾਏ,
ਕੰਨ ਖਾਂਦੇ ਪਤਝੜੀ ਸੰਗੀਤ ਦੀ

ਭੁਰ ਰਹੀ ਇਸ ਰੁੱਤ ਤੋਂ

ਜਾਂ ਬਚ ਕੇ ਆਪਣੇ ਆਪ ਤੋਂ

ਅੱਜ ਕੋਈ ਕਿੱਥੇ ਨੂੰ ਜਾਏ।[10]

1966 ਵਿੱਚ ਤਲਵਣ ਦੇ ਹਾਇਰ ਸੈਕੰਡਰੀ ਸਕੂਲ ਵਿੱਚ ਅਧਿਆਪਨ ਦੌਰਾਨ ਪ੍ਰਾਪਤ ਅਨੁਭਵ ਦੀ ਤਰਜ਼ਮਾਨੀ ਕਰਦੇ ਇਨ੍ਹਾਂ ਬੋਲਾਂ ਤੋਂ ਵੀ ਪਤਾ ਚਲਦਾ ਹੈ ਕਿ ਰਵੀ ਦੀ ਜ਼ਿੰਦਗੀ ਵਿੱਚ ਵੀ ਪਹਿਲਾਂ ਪਹਿਲ ਔਕੜਾਂ ਅਤੇ ਦੁੱਖਾਂ ਦਾ ਪੱਲਾ ਭਾਰੀ ਰਿਹਾ। ਇਹ ਔਕੜਾਂ ਤੇ ਦੁੱਖ ਮਾਨਸਿਕ ਹੀ ਪ੍ਰਤੀਤ ਹੁੰਦੇ ਹਨ ਨਾ ਕਿ ਆਰਥਿਕ।

3 ਫਰਵਰੀ 1967 ਨੂੰ ਰਵਿੰਦਰ ਰਵੀ ਕੀਨੀਆ ਚਲਾ ਗਿਆ। ਉੱਥੋਂ ਘੁੰਮਦਾ ਘੁਮਾਉਂਦਾ ਉਹ 1974 'ਚ ਕੈਨੇਡਾ ਪੱਕੇ ਤੌਰ ਤੇ ਆ ਵੱਸਿਆ। ਅੱਜ ਕੱਲ ਰਵਿੰਦਰ ਰਵੀ ਆਪਣੇ ਪਰਿਵਾਰ ਨਾਲ ਇੱਥੇ ਹੀ ਰਹਿ ਰਿਹਾ ਹੈ। ਉਸਨੇ ਸਕੂਲ ਵਿੱਚ ਅੰਗਰੇਜ਼ੀ ਅਤੇ ਸਮਾਜ-ਸ਼ਾਸਤਰ ਵਿਭਾਗ ਦੇ ਮੁਖੀ ਦੇ ਤੌਰ ਤੇ 11 ਕੁ ਸਾਲ ਅੰਗਰੇਜ਼ੀ ਭਾਸ਼ਾ, ਅੰਗਰੇਜ਼ੀ ਸਾਹਿਤ, ਪੱਤਰਕਾਰੀ ਤੇ ਸਾਹਿਤ ਰਚਨਾ ਦਾ ਅਧਿਆਪਨ ਕੀਤਾ।

ਰਵਿੰਦਰ ਰਵੀ ਨੇ ਆਪਣੀ ਸਾਹਿਤ ਸਿਰਜਣਾ ਦਾ ਸਫ਼ਰ 1961 ਵਿੱਚ **ਦਿਲ ਦਰਿਆ ਸਮੁੰਦਰੋਂ ਡੂੰਘੇ** ਕਾਵਿ ਸੰਗ੍ਰਹਿ ਤੋਂ ਕੀਤਾ ਅਤੇ ਸਾਹਿਤਿਕ ਜਗਤ ਵਿੱਚ ਉਹ ਚਰਚਾ ਦਾ ਪਾਤਰ ਬਣ ਗਿਆ। ਰਵਿੰਦਰ ਰਵੀ ਨੂੰ ਸਾਹਿਤ ਦੀ ਚੇਟਕ ਆਪਣੇ ਪਿਤਾ ਪ੍ਰੋ. ਪਿਆਰਾ ਸਿੰਘ ਗਿੱਲ ਤੋਂ ਵਿਰਸੇ ਵਿੱਚੋਂ ਹੀ ਪ੍ਰਾਪਤ ਹੋ ਗਈ ਅਤੇ ਵਿਰਸੇ ਵਿੱਚੋਂ ਮਿਲਿਆ ਇਹ ਗੁਣ ਰਵਿੰਦਰ ਰਵੀ ਦੀ ਅੱਜ ਤੱਕ ਦੀ ਸਮੁੱਚੀ ਸਾਹਿਤਿਕ ਕਾਰਗੁਜ਼ਾਰੀ ਦਾ ਆਧਾਰ ਬਣਿਆ ਹੋਇਆ ਹੈ।

ਮਨੁੱਖ ਦੀ ਜ਼ਿੰਦਗੀ ਵਿੱਚ ਪਿਆਰ ਇੱਕ ਅਜਿਹਾ ਅਹਿਸਾਸ ਹੈ ਜੋ ਮਨੁੱਖ ਦਾ ਸੁਭਾਅ ਤਾਂ ਕੀ ਪੂਰੀ ਕਾਇਨਾਤ ਹੀ ਬਦਲ ਕੇ ਰੱਖ ਦਿੰਦਾ ਹੈ। ਰਵਿੰਦਰ ਰਵੀ ਦੀ ਜ਼ਿੰਦਗੀ ਵਿੱਚ ਵੀ ਕੁਝ ਇਸ ਤਰ੍ਹਾਂ ਹੀ ਹੋਇਆ ਜਿਸ ਨੇ ਰਵੀ ਦਾ ਪੂਰਾ ਵਜੂਦ ਹੀ ਬਦਲ ਕੇ ਰੱਖ ਦਿੱਤਾ। ਜਵਾਨੀ ਦੀ ਦਹਿਲੀਜ਼ ਤੇ ਪੈਰ ਰੱਖਦਿਆਂ ਹੀ ਗੁਆਂਢ ਵਿੱਚ ਵੱਸਦੀ ਅਤੇ ਆਪਣੇ ਹੀ ਗੋਤ ਦੀ ਕੁੜੀ ਨਾਲ ਪਿਆਰ ਨੇ ਰਵਿੰਦਰ ਰਵੀ ਦੀ ਜ਼ਿੰਦਗੀ ਵਿੱਚ ਇੱਕ ਨਵਾਂ ਮੋੜ ਲੈ ਆਂਦਾ। ਇਹ ਪਿਆਰ ਦਾ ਅਹਿਸਾਸ ਉਸ ਦਾ ਪ੍ਰੇਰਨਾ ਸਰੋਤ ਹੋ ਨਿਬੜਿਆ। ਉਹ ਲਿਖਦਾ ਹੈ ਕਿ ਅੱਜ ਵੀ ਪਿਆਰ ਦੇ ਜਜ਼ਬਾਤਾਂ ਨੂੰ ਉਹ ਰੋਕ ਨਹੀਂ ਪਾਉਂਦਾ। ਉਸ ਦੀ ਹਰ ਕਿਰਤ ਪਿਆਰ ਤੋਂ ਹੀ ਉਪਜੀ ਹੈ। ਆਪਣੇ ਪਿਆਰ ਅਨੁਭਵ ਬਾਰੇ ਉਹ ਲਿਖਦਾ ਹੈ :

> "ਮੱਸ ਫੁੱਟ ਜਵਾਨੀ ਵਿੱਚ ਨੇੜ ਗੁਆਂਢ ਤੇ ਉਹ ਵੀ ਆਪਣੇ ਗੋਤ ਦੀ ਕੁੜੀ ਨਾਲ ਪਿਆਰ ਘਰਦਿਆਂ ਨੂੰ ਹੋਊ-ਪਰ੍ਹੇ ਦੀ ਗੂੜੀ ਨੀਂਦਰ ਵਿੱਚੋਂ ਜਗਾਉਣ ਲਈ ਕਾਫ਼ੀ ਸੀ। ਇਹ ਤਾਂ ਸ਼ੁਕਰ ਹੈ ਕਿ ਇਹ ਪਿਆਰ ਆਤਮਿਕ ਸੀ।"[11]

ਸਮਾਜਿਕ, ਭਾਈਚਾਰਿਕ ਰੀਤੀ-ਰਿਵਾਜਾਂ ਅਤੇ ਹੱਦਬੰਦੀਆਂ ਨੇ ਆਪਣੀ ਹੋਂਦ ਦਿਖਾਈ ਅਤੇ ਉਸ ਲੜਕੀ ਦਾ, ਜਿਸ ਨੂੰ ਰਵੀ ਪਿਆਰ ਕਰਦਾ ਸੀ, ਵਿਆਹ ਕਿਤੇ ਹੋਰ ਹੋ ਗਿਆ। ਬਾਅਦ ਵਿੱਚ ਉਸ ਨੇ ਆਪਣੇ ਲੜਕੇ ਦਾ ਨਾਂ ਰਵਿੰਦਰ ਰਖਿਆ। ਇਸ ਬਾਰੇ ਰਵੀ ਨੇ ਲਿਖਿਆ ਹੈ :

> "ਮੈਂ ਸੋਚਿਆ ਇਸ ਕੁਕਨੂਸ ਦੀ ਰਾਖ਼ ਵਿੱਚੋ ਇੱਕ ਹੋਰ ਕਲਾਕਾਰ/ਸਾਹਿਤਕਾਰ ਪੈਦਾ ਹੋਇਆ ਹੈ। ਅੰਦਰੋਂ ਅੰਦਰ ਇੱਕ ਅਪਰਿਭਾਸ਼ਤ ਰੂਪ ਵਿੱਚ ਮੇਰਾ ਆਪਣਾ ਪੁਨਰ-ਜਨਮ ਹੋ ਰਿਹਾ ਸੀ।"[12]

ਇੰਝ ਜ਼ਿੰਦਗੀ ਦੀਆਂ ਕੁਝ ਇੱਕ ਅਸਫਲਤਾਵਾਂ ਨੇ ਉਸ ਨੂੰ ਹਲੂਣ ਕੇ ਰੱਖ ਦਿੱਤਾ ਅਤੇ ਇਸ ਦਾ ਪ੍ਰਭਾਵ ਉਸ ਦੀਆਂ ਮੁੱਢਲੀਆਂ ਰਚਨਾਵਾਂ ਵਿੱਚ ਪ੍ਰੱਤਖ ਨਜ਼ਰ ਆਉਂਦਾ ਹੈ। ਮਿਸਾਲ ਵਜੋਂ ਉਸਦੀ ਕਵਿਤਾ ਹੈ :

> ਦਿਲ ਦੀ ਸੁੰਦਰ ਧਰਤੀ ਵਿੱਚੋ, ਇੱਕੋ ਫੁੱਲ ਉਗਾਇਆ ਸੀ।
> ਤੇਰੀ ਭੇਂਟ ਚੜਾਵਣ ਖਾਤਰ, ਖ਼ੂਨ ਜਿਗਰ ਦਾ ਪਾਇਆ ਸੀ।
> ਲੂ ਬਿਰਹੋਂ ਦੀ ਐਸੀ ਵੱਗੀ, ਬੂਟਾ ਜੜੋਂ ਸੁਕਾ ਦਿੱਤਾ।
> ਜੀਵਨ ਭਰ ਭਟਕਣ ਲਈ ਸਾਨੂੰ, ਬਿਖੜੇ ਰਾਹੇ ਪਾ ਦਿੱਤਾ।[13]

1967 ਵਿੱਚ ਕੀਨੀਆ ਵੱਸਣ ਉਪਰੰਤ ਪਰਾਈ ਧਰਤੀ ਤੇ ਵਿਚਰਦਿਆਂ ਵੀ ਉਹ ਪੰਜਾਬ ਦੀ ਧਰਤੀ ਨਾਲ ਜੁੜਿਆ ਰਿਹਾ। ਪੰਜਾਬ ਦੀ ਧਰਤੀ ਤੇ ਕੀ, ਭਾਰਤ ਦੀ ਧਰਤੀ ਤੇ ਆਏ ਦਿਨ ਘਟਦੀਆਂ ਘਟਨਾਵਾਂ ਉਸ ਨੂੰ ਧੁਰ ਅੰਦਰ ਤੱਕ ਹਲੂਣ ਕੇ ਰੱਖ ਦਿੰਦੀਆਂ। 1984 ਦੇ ਦੰਗਿਆਂ ਨੇ ਤਾਂ ਉਸ ਨੂੰ ਜੜ੍ਹੋਂ ਹੀ ਹਿਲਾ ਕੇ ਰੱਖ ਦਿੱਤਾ। ਇਹ ਉਹ ਸਮਾਂ ਸੀ ਜਦੋਂ ਇੰਝ ਪ੍ਰਤੀਤ ਹੁੰਦਾ ਸੀ ਕਿ ਮਨੁੱਖੀ ਕਦਰਾਂ ਕੀਮਤਾਂ ਦਾ ਨਾਮੋ ਨਿਸ਼ਾਨ ਹੀ ਮਿਟ ਗਿਆ ਹੋਵੇ। ਉਸ ਸਮੇਂ ਹੋਏ ਕਤਲੇਆਮ ਨੇ ਹਰ ਸੁਹਿਰਦ ਦੀ ਤਰ੍ਹਾਂ ਰਵਿੰਦਰ ਰਵੀ ਨੂੰ ਵੀ ਲਿਖਣ ਲਈ ਪ੍ਰੇਰਿਆ। ਇਸ ਪ੍ਰੇਰਣਾ ਦਾ ਪ੍ਰਮਾਣ ਉਸ ਦੀ ਸਵੈਜੀਵਨੀ ਤੋਂ ਸਹਿਜੇ ਹੀ ਮਿਲ ਜਾਂਦਾ ਹੈ। ਉਸਨੇ ਲਿਖਿਆ :

> "ਮਨੁੱਖਾ ਹੋਣੀ ਦਾ ਇਤਿਹਾਸ ਜਿੱਥੇ ਟਹਿਕਦੇ ਤੇ ਮਹਿਕਦੇ ਗੁਲਿਸਤਾਨੀ ਅਨੁਭਵਾਂ ਦੀ ਅਮੀਰੀ ਨਾਲ ਨੂਰ ਨੂਰ ਹੋਇਆ ਪਿਆ ਹੈ ਉੱਥੇ ਇਸ ਉੱਤੇ ਕਦੇ-ਕਦੇ ਕਹਿਰਾਂ ਦੀਆਂ ਕਾਲੀਆਂ ਬੋਲੀਆਂ ਹਨੇਰੀਆਂ ਵੀ ਝੁਲਦੀਆਂ ਰਹੀਆਂ ਹਨ, ਜਿਨ੍ਹਾਂ ਨੇ ਇਸ ਦੀ ਆਤਮਾ ਪੱਛ ਸੁੱਟੀ ਤੇ ਜਿਸਮ ਤਾਰ ਤਾਰ ਕਰ ਸੁੱਟੇ। 1984 ਦਾ ਸਮਾਂ ਪੰਜਾਬ ਲਈ ਵਿਸ਼ੇਸ਼ ਕਰਕੇ ਅਤੇ ਉਸ ਉਪਰੰਤ ਦਿੱਲੀ, ਕਾਨਪੁਰ ਤੇ ਭਾਰਤ ਦੇ ਹੋਰ ਸ਼ਹਿਰਾਂ ਲਈ ਆਮ ਕਰਕੇ ਇੱਕ

ਅਜਿਹਾ ਹੀ ਵਰ੍ਹਾ ਸੀ ਜਦੋਂ ਇੰਝ ਜਾਪਦਾ ਸੀ ਕਿ ਮਨੁੱਖੀ ਕਦਰਾਂ ਕੀਮਤਾਂ ਬੁਨਿਆਦ ਤੋਂ ਹਿੱਲ ਕੇ ਵਿਕੇਂਦ੍ਰਿਤ ਹੋ ਗਈਆਂ ਸਨ। ਜੋ ਕੁਝ ਅਣਮਨੁੱਖੀ ਤੇ ਮਾਨਵਤਾ ਘਾਤਕ ਸੀ, ਉਸ ਦਾ ਬੋਲ-ਬਾਲਾ ਸੀ। ਮਨੁੱਖ,ਮਨੁੱਖ ਨਹੀਂ ਸੀ ਰਿਹਾ, ਸਗੋਂ ਕਿਰਪਾਨ ਤੇ ਤ੍ਰਿਸ਼ੂਲ ਬਣ ਗਿਆ ਸੀ। ਲਹੂ ਜੇ ਕੋਈ ਮਾਂਗ ਵਿੱਚ ਭਰ ਦੇਵੇ ਤਾਂ ਤ੍ਰੀਮਤਾਂ ਦੀਆਂ ਤਲੀਆਂ 'ਚੋਂ ਮਹਿੰਦੀ ਦਾ ਸੂਹਾ ਮਜੀਠ ਰੰਗ ਆਪਮੁਹਾਰਾ ਫੁੱਟ ਪੈਂਦਾ ਅਤੇ ਜ਼ਿੰਦਗੀ ਦੀ ਬਾਤ ਪਾਉਂਦਾ ਹੈ। ਲਹੂ ਜੇ ਦਿਮਾਗ ਨੂੰ ਚੜ ਜਾਵੇ ਜਾਂ ਅੱਖਾਂ ਵਿੱਚ ਉੱਤਰ ਆਵੇ ਤਾਂ ਇਨਸਾਨ ਦਾਵਾਨਲ ਬਣਿਆ ਜਿੱਥੇ ਆਪ ਮੱਚ ਉੱਠਦਾ ਹੈ, ਉੱਥੇ ਸਗਵੇ ਦਾ ਸਗਵਾ ਗੁਲਿਸਤਾਨ ਵੀ ਸਾੜ ਕੇ ਸੁਆਹ ਕਰ ਦਿੰਦਾ ਹੈ।"[14]

ਰਵਿੰਦਰ ਰਵੀ ਨੇ ਆਪਣੀ ਪ੍ਰਤੱਖਣ ਸ਼ਕਤੀ ਨੂੰ ਇੱਕ ਬਿੰਦੂ ਤੇ ਕੇਂਦ੍ਰਿਤ ਨਹੀਂ ਰੱਖਿਆ। ਸਗੋਂ ਇਸ ਨੂੰ ਸਮੇਂ ਦੇ ਅਨੁਸਾਰੀ ਬਣਾ ਕੇ ਆਪਣੀ ਸੁਹਜ ਸੰਵੇਦਨਾ ਦਾ ਸਬੂਤ ਪੇਸ਼ ਕੀਤਾ। ਉਸ ਨੇ ਹਰ ਤਰਾਂ ਦੇ ਅਨੁਭਵਾਂ ਨੂੰ ਆਪਣੇ ਸਾਹਿਤ ਦੀ ਆਧਾਰ ਸਮੱਗਰੀ ਬਣਾਇਆ ਹੈ। ਜ਼ਿੰਦਗੀ ਦਾ ਕੋਈ ਵੀ ਅਜਿਹਾ ਪੱਖ ਨਹੀਂ ਜੋ ਰਵੀ ਦੀਆਂ ਅੱਖਾਂ ਤੋਂ ਉਹਲੇ ਰਹਿ ਗਿਆ ਹੋਵੇ। ਉਹ ਸਾਰੇ ਸੰਸਾਰ ਦੀ ਗੱਲ ਆਪਣੇ ਸਾਹਿਤ ਵਿੱਚ ਕਰਦਾ ਨਜ਼ਰ ਆਉਂਦਾ ਹੈ।

ਰਵਿੰਦਰ ਰਵੀ ਦੀ ਜ਼ਿੰਦਗੀ ਕੌੜੇ ਮਿੱਠੇ ਅਨੁਭਵਾਂ ਦਾ ਸੁਮੇਲ ਹੈ। ਉਸਨੂੰ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨੇ ਹੀ ਸਾਹਿਤਕਾਰ ਬਣਾਇਆ ਹੈ। ਇਹ ਹਕੀਕਤਾਂ ਹੀ ਉਸ ਦੇ ਸਾਹਿਤ ਦਾ ਸਰੋਕਾਰ ਬਣੀਆਂ। ਡਾ. ਟੀ. ਆਰ. ਵਿਨੋਦ ਅਨੁਸਾਰ:-

"ਸਾਹਿਤਕਾਰਾਂ ਦੀ ਰਚਨਾ ਵਿੱਚ ਜਿਹੜੀ ਜੀਵਨ ਪ੍ਰਸਥਿਤੀ ਮੂਰਤੀਮਾਨ ਹੁੰਦੀ ਹੈ, ਉਹ ਜੀਵਨ ਦਾ ਨਿਰੋਲ ਵਸਤੂਗਤ ਤੱਥ ਨਹੀਂ ਸਗੋਂ ਸਾਹਿਤਕਾਰ ਦੁਆਰਾ ਵੇਖੀ, ਸਮਝੀ ਅਤੇ ਵਿਉਂਤੀ ਜੀਵਨ ਪ੍ਰਸਥਿਤੀ ਹੁੰਦੀ ਹੈ। ਸਾਹਿਤਕਾਰਾਂ ਨੇ ਇੱਕ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਉਸਨੂੰ ਪੇਸ਼ ਕੀਤਾ ਹੁੰਦਾ ਹੈ ਇਸੇ ਕਾਰਨ ਸਾਹਿਤ ਵਿੱਚ ਸਾਹਿਤਕਾਰ ਦੇ ਆਪੇ ਦਾ ਰਲਾ ਹੁੰਦਾ ਹੈ।"[15]

ਰਵਿੰਦਰ ਰਵੀ ਦੇ ਜੀਵਨ ਵਿੱਚ ਜੋ ਵੀ ਵਾਪਰਿਆ ਉਸੇ ਨੂੰ ਹੀ ਉਸ ਨੇ ਆਪਣੇ ਸਾਹਿਤ ਦਾ ਆਧਾਰ ਬਣਾਇਆ। ਉਸਦੀ ਜ਼ਿੰਦਗੀ ਦੇ ਤਜਰਬੇ, ਹਾਦਸੇ, ਪ੍ਰਸਥਿਤੀਆਂ ਆਦਿ ਨੇ ਰਲ ਕੇ ਉਸ ਦੇ ਸਾਹਿਤ ਨੂੰ ਅੱਗੇ ਵਧਾਇਆ।

ਹਰ ਸਾਹਿਤ ਵਿਸ਼ੇਸ਼ ਰੂਪ ਵਿੱਚ ਮਨੁੱਖੀ ਸਮੂਹ ਦੀਆਂ ਸਮਾਜਿਕ, ਇਤਿਹਾਸਿਕ ਅਤੇ ਰਾਜਨੀਤਿਕ ਪ੍ਰਸਥਿਤੀਆਂ ਦੀ ਉਪਜ ਹੁੰਦਾ ਹੈ ਅਤੇ ਆਪਣੇ ਭੂਤ ਜਾਂ ਵਿਰਸੇ ਦੇ ਪ੍ਰਬੰਧ ਪ੍ਰਤੀ ਆਪਣੀ ਪ੍ਰਵਾਨਗੀ ਜਾਂ ਅਪ੍ਰਵਾਨਗੀ ਦਾ ਵਿਖਾਲਾ ਆਪਣੀਆਂ ਰਚਨਾਵਾਂ ਵਿੱਚ ਹੀ ਕਰਦਾ ਹੈ।

ਰਵਿੰਦਰ ਰਵੀ ਇੱਕ ਅਜਿਹਾ ਲੇਖਕ ਹੈ ਜਿਸ ਦੇ ਰਚਨਾਤਮਕ ਅਨੁਭਵ ਦੇ ਬਹੁਤ ਸਾਰੇ ਪਾਸਾਰ ਹਨ। ਰਚਨਾ ਉਸ ਲਈ ਆਪੇ ਦੇ ਪ੍ਰਗਟਾਉ ਦਾ ਮਾਧਿਅਮ ਹੈ। ਹਰ ਲੇਖਕ ਦੇ ਵਿਅਕਤੀਗਤ ਜੀਵਨ ਵਿੱਚ ਵਾਪਰੀਆਂ ਬਹੁਪੱਖੀ ਤੇ ਬਹੁਰੰਗੀ ਘਟਨਾਵਾਂ, ਜੀਵਨ ਦੇ ਵੱਖ-ਵੱਖ ਉਤਰਾਵਾਂ ਚੜਾਵਾਂ ਤੇ ਉਨ੍ਹਾਂ ਪ੍ਰਤੀ ਉਸ ਦੇ ਦ੍ਰਿਸ਼ਟੀਕੋਣ ਦਾ ਪਰਛਾਵਾਂ ਉਸਦੀਆਂ ਲਿਖਤਾਂ ਵਿੱਚੋਂ ਸਹਿਜੇ ਹੀ ਲੱਭਿਆ ਜਾ ਸਕਦਾ ਹੈ ਜਾਂ ਦੂਜੇ ਸ਼ਬਦਾਂ ਵਿੱਚ ਇਸ ਤਰਾਂ ਵੀ ਕਿਹਾ ਜਾ ਸਕਦਾ ਹੈ ਕਿ ਲੇਖਕ ਦਾ ਨਿਜੀ ਜੀਵਨ ਸਹਿਜੇ ਹੀ ਉਸ ਦੀ ਰਚਨਾ ਨੂੰ ਪ੍ਰਭਾਵਿਤ ਕਰਦਾ ਹੈ। ਰਵਿੰਦਰ ਰਵੀ ਦੀ ਲਿਖਤ ਵਿੱਚ ਕਦੇ ਵੀ ਖੜੋਤ ਨਹੀਂ ਆਈ। ਜਿਵੇਂ-ਜਿਵੇਂ ਉਸ ਦੇ ਅਨੁਭਵ ਜਗਤ ਵਿੱਚ ਪਰਿਵਰਤਨ ਆਉਂਦਾ ਗਿਆ, ਠੀਕ ਉਸੇ ਤਰ੍ਹਾਂ ਉਸਦੀ ਲਿਖਤ ਵੀ ਨਵੇਂ-ਨਵੇਂ ਰੰਗ ਦ੍ਰਿਸ਼ਟੀਗੋਚਰ ਕਰਦੀ ਰਹੀ। ਉਸਨੇ ਆਪਣਾ ਰਚਨਾਤਮਕ ਸਫ਼ਰ 1955-56 ਵਿੱਚ ਸ਼ੁਰੂ ਕਰ ਲਿਆ ਸੀ। ਉਹ ਆਪ ਲਿਖਦਾ ਹੈ :

> "1955-56 'ਚ ਕਲਮ ਘਸਾਈ ਸ਼ੁਰੂ ਹੋ ਗਈ ਸੀ। ਅੰਦਰ ਇੱਕ ਖੋਹ ਜਿਹੀ ਪੈਂਦੀ ਸੀ। ਮੁੱਹਬਤ ਦੀ ਖੋਹ। ਆਪਣੀ ਪਛਾਣ ਦੀ ਖੋਹ। ਦਿਸ਼ਾ ਦੀ ਨਿਗਾਹ 'ਚ ਖੋਹ। ਅਨੰਤ ਦੀ ਸਅੰਤ ਵਿੱਚ ਖੋਹ। ਪਿੰਡ ਵਿੱਚ ਬ੍ਰਹਿਮੰਡ ਵਿੱਚ ਖੋਹ। ਇੱਕ ਬਿੰਦੂ ਸਪਾਇਰਲ ਵਾਂਗ ਅਨੰਤ ਤੇ ਨਿਰੰਤਰ ਘੇਰੇ ਬਣੀ ਜਾਂਦੀ ਸੀ ਮੇਰੇ ਅੰਦਰ। ਅਨੇਕ ਸ਼ੀਸ਼ੇ ਮੇਰੇ ਸਾਹਵੇਂ ਉੱਠ ਖੜੋਤੇ ਸਨ। ਇੱਕ ਤੋਂ ਬਾਅਦ ਇੱਕ ਨਿਰੰਤਰ ਤੁਰੇ ਜਾਂਦੇ! ਮੈ ਫੈਲ ਵੰਡ ਹੋ ਜਾਂਦਾ ਸਾਂ, ਟੁੱਟ ਤਿੜਕ ਇਨ੍ਹਾਂ ਵਿੱਚ! ਆਪਣੇ ਨਿਰੰਤਰ ਟੁੱਟਣ ਦੀ ਅਨੰਤਤਾ ਵੀ ਕਿਹਾ ਰਹੱਸ ਹੈ!!! ਟੁੱਟਣ ਦੇ ਵਿੱਚੋਂ ਹੀ ਸ਼ਾਇਦ ਮੈਨੂੰ ਜੁੜਨ ਦਾ ਚਿੰਤਨ ਮਹਿਜ ਸਮਝ ਪਿਆ ਸੀ! ਮੇਰੀ ਪ੍ਰੇਰਣਾ ਨਿੰਰਤਰ ਵੱਧ, ਵਿਗਸ, ਫੈਲ, ਚਲ ਰਹੀ ਹੈ...... ਮੇਰੀ ਜ਼ਿੰਦਗੀ......ਮੇਰੀ ਰਚਨਾ ਵਾਂਗ..... ਰਚਨਾ ਨੂੰ ਮੈਂ ਰਚਨਹਾਰੇ ਦਾ ਸਿਰਜਣਾਤਮਕ ਆਪਾ ਸਮਝਦਾ ਹਾਂ ਤੇ ਸੁਹਿਰਦ ਅਨੁਭਵ ਨੂੰ ਉਸ ਦੀ ਰੀੜ ਦੀ ਹੱਡੀ।"[16]

ਰਵਿੰਦਰ ਰਵੀ ਨੇ ਆਪਣੇ ਸਾਹਿਤਿਕ ਸਫ਼ਰ ਦੀ ਸ਼ੁਰੂਆਤ ਇੱਕ ਕਵੀ ਵਜੋਂ ਕੀਤੀ। ਬੇਸ਼ਕ ਇਸ ਤੋਂ ਪਹਿਲਾਂ ਰਵੀ ਕਹਾਣੀਆਂ ਲਿਖ ਚੁੱਕਾ ਸੀ। ਪਰ ਆਪਣੇ ਭਾਵਾਂ ਨੂੰ ਉਹ ਸਭ ਤੋਂ ਵੱਧ ਸ਼ਿੱਦਤ ਨਾਲ ਕਵਿਤਾ ਵਿੱਚ ਹੀ ਬਿਆਨ ਕਰ ਪਾਇਆ। ਇਸ ਲਈ ਉਹ ਮੂਲ ਰੂਪ ਵਿੱਚ ਇੱਕ ਕਵੀ ਦੇ ਤੌਰ ਤੇ ਹੀ

ਮਸ਼ਹੂਰ ਹੋਇਆ। ਭਾਵੇਂ ਕਿ ਕਵਿਤਾ ਬਾਰੇ ਇਹ ਧਾਰਨਾ ਬਣ ਚੁੱਕੀ ਹੈ ਕਿ ਕਵਿਤਾ ਭਾਵੁਕ ਜਜ਼ਬਿਆਂ ਦੀ ਦਾਸਤਾਂ ਹੀ ਹੁੰਦੀ ਹੈ। ਪਰ ਰਵਿੰਦਰ ਰਵੀ ਨੇ ਇਸ ਧਾਰਨਾ ਨੂੰ ਛੱਡ ਕੇ ਵੱਖਰੀ ਦਿਸ਼ਾ ਵਿੱਚ ਰਚਨਾ ਕਰਕੇ ਇਹ ਸਿੱਧ ਕਰ ਦਿੱਤਾ ਕਿ ਕਵਿਤਾ ਹੁਣ ਭਾਵੁਕ ਛਿਣਾਂ ਦੀ ਦਾਸਤਾਂ ਨਹੀਂ ਰਹੀ ਬਲਕਿ ਜ਼ਿਹਨੀ ਬੌਧਿਕਤਾ ਦੀ ਅਭਿਵਿਅਕਤੀ ਵੀ ਕਰਦੀ ਹੈ। ਰਵੀ ਦਾ ਸਵੈ ਕਥਨ ਹੈ ਕਿ:-

> "ਕਵਿਤਾ ਜੀਵਨ ਦਾ ਪ੍ਰਗਟਾਵਾ ਹੈ। ਜੀਵਨ ਨੂੰ ਜਿਸ ਪੱਧਰ ਤੇ ਕੋਈ ਭੋਗੇਗਾ ਉਸ ਪੱਧਰ ਦੀ ਹੀ ਰਚਨਾ ਕਰ ਸਕੇਗਾ। ਇਹ ਯੁੱਗ ਬੁੱਧੀ ਅਤੇ ਤਰਕ ਦਾ ਯੁੱਗ ਹੈ।"[17]

ਰਵਿੰਦਰ ਰਵੀ ਨੇ ਆਪਣੀ ਮੁੱਢਲੀ ਕਵਿਤਾ ਵਿੱਚ ਪੰਜਾਬ ਦੀ ਸਮਾਜਿਕ, ਸਭਿਆਚਾਰਿਕ ਸਥਿਤੀ ਨੂੰ ਹੂ-ਬ-ਹੂ ਪੇਸ਼ ਕੀਤਾ ਹੈ ਅਤੇ ਨਾਲ ਹੀ ਕਵੀ ਨੇ ਆਪਣੇ ਗਰਦਸ਼ ਦੇ ਦਿਨਾਂ ਦੀ ਦਾਸਤਾਂ ਬਿਆਨੀ ਹੈ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਅਨੁਸਾਰ :

> "ਉਹ ਹੀ ਕਵੀ ਮਹਾਨ ਹੋ ਸਕਦਾ ਹੈ ਜੋ ਆਪਣੇ ਨਿਜੀ ਅਨੁਭਵ ਨੂੰ ਆਪਣੇ ਸਮੇਂ ਦੇ ਅਨੁਭਵ ਵਿੱਚ ਰਚਾ ਦੇਵੇ ਤੇ ਆਪਣੇ ਸਮੇਂ ਦੇ ਅਨੁਭਵ ਨੂੰ ਆਪਣੀ ਜ਼ਾਤੀ ਦੇ ਇਤਿਹਾਸਕ ਅਨੁਭਵ ਵਿੱਚ ਰਚਾ ਦੇਵੇ। ਕਿਸੇ ਜ਼ਾਤੀ ਦਾ ਇਤਿਹਾਸਕ ਅਨੁਭਵ ਉਸ ਦੀ ਸੰਸਕ੍ਰਿਤੀ ਹੈ।"[18]

ਰਵਿੰਦਰ ਰਵੀ ਦੇ ਰਚਨਾਤਮਕ ਸਫ਼ਰ ਦੀ ਇੱਕ ਸੰਖਿਪਤ ਪਛਾਣ ਉਸ ਦੀ ਸਾਹਿਤਿਕ ਸੰਵੇਦਨਾ ਦੇ ਵਿਭਿੰਨ ਪਹਿਲੂਆਂ ਨੂੰ ਨਿਖੇੜਨ ਲਈ ਲਾਜ਼ਮੀ ਪ੍ਰਤੀਤ ਹੁੰਦੀ ਹੈ।

ਰਵਿੰਦਰ ਰਵੀ ਦੇ ਰਚਨਾਤਮਕ ਸਫ਼ਰ ਦੀ ਪਹਿਲੀ ਪੁਸਤਕ 'ਦਿਲ ਦਰਿਆ ਸਮੁੰਦਰੋਂ ਡੂੰਘੇ' ਹੈ। ਜਿਸ ਵਿੱਚ ਰਵੀ ਨੇ ਕਵਿਤਾ ਰਾਹੀਂ ਆਪਣੇ ਆਪ ਨਾਲ ਸੰਵਾਦ ਰਚਾ ਕੇ, ਆਪਣੇ ਹੱਡੀਂ ਹੰਢਾਏ ਅਨੁਭਵ, ਕਲਪਨਾ ਕੀਤੇ ਜਗਤ, ਸਿਰਜੇ ਤੇ ਭੁਗਤੇ ਸੰਤਾਪਾਂ ਨੂੰ ਪੇਸ਼ ਕੀਤਾ ਹੈ। ਉਸ ਸਮੇਂ ਦੇ ਸਮਾਜਿਕ ਤੇ ਸਭਿਆਚਾਰਿਕ ਮਾਹੌਲ ਤੇ ਇਸ ਮਾਹੌਲ ਨੇ ਲੇਖਕ ਦੀ ਸੋਚ ਨੂੰ ਜੋ ਦਿਸ਼ਾ ਪ੍ਰਦਾਨ ਕੀਤੀ, ਇਸ ਦਾ ਪ੍ਰਮਾਣ ਇਸ ਦੇ ਪਹਿਲੇ ਕਾਵਿ ਸੰਗ੍ਰਹਿ ਵਿੱਚ ਮਿਲ ਜਾਂਦਾ ਹੈ। ਇਹ ਸੰਗ੍ਰਹਿ ਜਿੱਥੇ ਉਸ ਸਮੇਂ ਦੀ ਹਾਲਤ ਨੂੰ ਪੇਸ਼ ਕਰਦਾ ਹੈ, ਉੱਥੇ ਨਾਲ ਦੀ ਨਾਲ ਇਹ ਸਮਾਂ ਉਸ ਦੇ ਜੀਵਨ ਦੇ 19ਵੇਂ ਤੋਂ 23ਵੇਂ ਵਰੇ ਦੀ ਦਾਸਤਾਂ ਵੀ ਬਿਆਨ ਕਰਦਾ ਹੈ। ਇਸ ਵਿੱਚ ਜਵਾਨੀ ਦੇ ਰੋਮਾਂਸ, ਪ੍ਰੀਤ ਅਨੁਭਵ, ਦਰਦ, ਗ਼ਮ, ਵਿਛੋੜਾ, ਵਸਲ ਆਦਿ ਵਿਸ਼ੇ ਪੇਸ਼ ਹੋਏ ਹਨ। ਰਵਿੰਦਰ ਰਵੀ ਦੇ ਇਸ ਕਾਵਿ ਪੜਾਅ ਤੇ ਡਾ. ਗੁਰਚਰਨ ਸਿੰਘ ਦੀ ਟਿੱਪਣੀ ਹੈ :

> "ਨਿਰੰਤਰ ਪ੍ਰਯੋਗ ਲੀਲਾ ਰਾਹੀਂ ਕਾਵਿ ਸੰਸਾਰ ਵਸਦਾ ਤੇ ਵਿਗਸਦਾ ਹੈ। ਕੁਝ ਇਨ੍ਹਾਂ ਅਰਥਾਂ ਵਿੱਚ ਹੀ ਰਵਿੰਦਰ ਰਵੀ ਦੀ ਰਚਨਾ ਆਤਮ-ਪ੍ਰਗਟਾਓ ਲਈ ਸੁੱਤੇ ਸਿੱਧ ਹੋਏ

ਯਤਨਾਂ ਦੇ ਸਿਟਿਆਂ ਦੀ ਪ੍ਰਦਰਸ਼ਨੀ ਕਹੀ ਜਾ ਸਕਦੀ ਹੈ, ਇੱਕ ਵੰਨ ਸੁਵੰਨਾ ਬਗੀਚਾ ਮੌਲ ਪਿਆ ਹੈ, ਇਸ ਵਿਚਲੇ ਫੁੱਲਾਂ ਦੀ ਬਹਾਰ ਨਿਰਾਲੀ ਹੈ ਤੇ ਮਲੋ ਮੱਲੀ ਦਿਲ ਨੂੰ ਧੂਹ ਪਾਉਂਦੀ ਹੈ। ਕਈ ਵਿਚਾਰ ਅਛੂਤੇ ਤੇ ਪਰੰਪਰਾ ਨਾਲ ਤਕੜੀ ਟੱਕਰ ਲੈਂਦੇ ਹਨ।"[19]

ਰਵਿੰਦਰ ਰਵੀ ਨੇ ਸੁਚੇਤ ਰੂਪ ਵਿੱਚ ਪੁਰਾਣੀਆਂ ਲੀਹਾਂ ਤੋਂ ਹੱਟ ਕੇ ਨਵੇਂ ਦਿੱਸਹੱਦਿਆਂ ਦੀ ਤਲਾਸ਼ ਕੀਤੀ। ਉਸ ਨੇ ਸਮੇਂ ਦੀ ਲੋੜ ਅਨੁਸਾਰ ਹੀ ਸਾਹਿਤ ਸਿਰਜਿਆ ਅਤੇ ਸਮੇਂ ਦੇ ਅਨੁਸਾਰ ਹੀ ਆਪਣੇ ਵਿਚਾਰਾਂ ਨੂੰ ਪੇਸ਼ ਕੀਤਾ। ਉਸਦੀਆਂ ਕਾਵਿ ਸਤਰਾਂ ਹਨ :

ਤੀਜੇ ਵਾਜ ਸਮੇਂ ਦੀ ਸੁਣਨਾ
ਸੁਰ ਮਿਲਾਉਣਾ
ਕੁਝ ਲਿਖਣਾ ਕੁਝ ਰਚਨਾ ਗਾਉਣਾ
ਆਦਤ ਵਾਂਗੂੰ
ਕਦੇ ਨਿਰਾਸ਼ਾ ਦੇ ਵਿੱਚ ਗੁੰਮਣਾ
ਪ੍ਰੀਤ ਭਾਵ ਲੈ
ਕਦੇ ਕਲਪਨਾ ਦੇ ਵਿੱਚ ਉਡੱਣਾ
ਸੰਗ ਸੰਗ ਯਾਦਾਂ
ਨਿੱਜ-ਗ਼ਮ ਚਿਹਰੇ 'ਤੇ ਜਨ-ਗ਼ਮ ਦਾ
ਪੋਜ਼ ਬਣਾਉਣਾ
ਜੀਕੂੰ ਨਿਰਾ ਮੁਲੰਮਾ।[20]

ਕਾਵਿ ਸਿਰਜਣਾ ਨੂੰ ਨਿੰਰਤਰ ਜਾਰੀ ਰਖਦਿਆਂ ਰਵਿੰਦਰ ਰਵੀ ਨੇ ਦੂਜਾ ਕਾਵਿ ਸੰਗ੍ਰਹਿ **ਬੁੱਕਲ ਦੇ ਵਿੱਚ ਚੋਰ** ਲਿਖਿਆ। ਇਸ ਕਾਵਿ ਸੰਗ੍ਰਹਿ ਵਿੱਚ ਰਵਿੰਦਰ ਰਵੀ ਨੇ ਪ੍ਰਚਲਿਤ ਦ੍ਰਿਸ਼ਟੀਕੋਣਾਂ ਦੀ ਰੱਚੜਤਾ ਤੋਂ ਮੁਕਤ ਹੋ ਕੇ ਇੱਕ ਨਵੇਂ ਸੱਜਰੇ ਤੇ ਵਿਲਖੱਣ ਅਨੁਭਵ ਨੂੰ ਉਜਾਗਰ ਕੀਤਾ ਹੈ। ਰਵਿੰਦਰ ਰਵੀ ਦਾ ਇਹ ਇੱਕ ਅਜਿਹਾ ਕਾਵਿ ਸੰਗ੍ਰਹਿ ਹੈ ਜਿਸ ਵਿੱਚ ਉਸਨੇ ਆਪਣੇ ਚਿੰਤਨਸ਼ੀਲ ਸੁਭਾਅ ਸਦਕਾ ਦਿਖਦੇ ਯਥਾਰਥ ਸੰਬੰਧੀ ਸਿੱਟੇ ਕੱਢੇ ਹਨ। ਪ੍ਰੋ. ਕਿਰਪਾਲ ਸਿੰਘ ਕਸੇਲ ਦਾ ਵਿਚਾਰ ਹੈ ਕਿ :

"ਇਸ ਸੰਗ੍ਰਹਿ ਦੀ ਸਭ ਤੋਂ ਪਹਿਲੀ ਕਵਿਤਾ 'ਬੁੱਕਲ ਦੇ ਵਿੱਚ ਚੋਰ' ਜੋ ਇਸ ਸੰਗ੍ਰਹਿ ਦਾ ਨਾਮਕਰਨ ਕਰਦੀ ਹੈ, ਵਿੱਚ ਉਸਨੇ ਬਾਹਰੀ ਜਗਤ ਦੀ ਅਦਭੁਤਤਾ ਦੇ ਟਾਕਰੇ ਤੇ ਆਂਤਰਿਕ ਜਗਤ ਦੀ ਵਿਵਿਧਤਾ ਤੇ ਵਿਚਿਤਰਤਾ ਉੱਤੇ ਪ੍ਰਕਾਸ਼ ਪਾਉਣ ਦਾ ਇੱਕ ਸਫਲ

ਯਤਨ ਕੀਤਾ ਹੈ।….. ਵਰਤਮਾਨ ਮਨੋਵਿਗਿਆਨ ਨੇ ਸਿੱਧ ਕਰ ਦਿੱਤਾ ਹੈ ਕਿ ਆਧੁਨਿਕ ਅਸੰਤੁਲਨ ਤੇ ਇੱਕ ਪੱਖੀ ਵਿਕਾਸ ਵਾਲਾ ਜੀਵਨ ਬਹੁਤ ਹੱਦ ਤੱਕ ਸਾਡੇ ਅੰਦਰ ਮਨੋਗੁੰਝਲਾਂ ਪੈਦਾ ਕਰਨ ਦਾ ਕਾਰਨ ਬਣਿਆ ਹੈ।……ਉਸਨੇ ਨਿੱਜ ਆਪੇ ਵਿੱਚ ਵਿਸ਼ਵ ਆਪੇ ਨੂੰ ਤੱਕਿਆ ਹੈ।”[21]

ਇਸ ਕਾਵਿ ਸੰਗ੍ਰਹਿ ਵਿੱਚ ਕਵੀ ਮਨੁੱਖ ਨੂੰ ਉਸ ਦੀ ਮਾਨਸਿਕਤਾ ਵਿੱਚ ਪਈਆਂ ਗੁੰਝਲਾਂ ਅਤੇ ਮਨੋਵਿਕਾਰਾਂ ਤੋਂ ਚੇਤੰਨ ਕਰਵਾਉਣ ਦਾ ਯਤਨ ਕਰਦਾ ਹੈ। ਰਵੀ ਮਨੁੱਖ ਨੂੰ ਉਸਦੇ ਅਪਰਾਧਾਂ ਅਤੇ ਘਟੀਆਪਨ ਵਾਲੇ ਵਤੀਰੇ ਤਿਆਗਣ ਅਤੇ ਸਮਾਜਿਕ ਕੋਹੜ ਨੂੰ ਖਤਮ ਕਰਨ ਲਈ ਚੇਤੰਨ ਕਰਦਾ ਹੈ। ਰਵੀ ਨੇ ਮਨੁੱਖ ਦੀ ਸੋਚ ਵਿੱਚ ਪਈਆਂ ਤਰੇੜਾਂ ਅਤੇ ਉਨ੍ਹਾਂ ਤਰੇੜਾਂ ਦੇ ਆਉਣ ਦੇ ਕਾਰਨ ਲੱਭਣ ਦਾ ਯਤਨ ਕੀਤਾ ਹੈ। ਕਵਿਤਾ ਵਿੱਚ ਉਹ ਲਿਖਦਾ ਹੈ :

ਧੁੱਖ ਰਹੀ ਹੈ ਅੱਗਰਬੱਤੀ
ਫੇਰ ਅੱਜ ਕਮਰੇ ਦੇ ਵਿੱਚ,
ਮਹਿਕ ਚੰਦਨ ਦੀ,
ਹੈ ਤਾਹੀਉਂ ਆ ਰਹੀ

……………………
ਸੇਕ ਹੈ ਨਫ਼ਰਤ ਜਿਹੀ ਦਾ,
ਏਸ ਚੌਗਿਰਦੇ ਵਿਰੁੱਧ
ਚਾਰ ਦਿਵਾਰੀ ਵਿੱਰੁਧ।
ਸਿਸਕ ਰਹੇ ਵਿਰਲਾਪ ਇਸ ਦੇ,
ਵੈਣ ਜਿਹੇ; ਧੂੰਏ ਦੇ ਵਿੱਚ,
ਗੀਤ ਕਹਿ ਲਓ ਇਨ੍ਹਾਂ ਨੂੰ।[22]

ਇਸ ਕਾਵਿ ਟੋਟੇ ਵਿੱਚੋ ਤੱਥ, ਯਥਾਰਥ ਤੇ ਸੱਚ ਵਿਚਕਾਰ ਤਣਾਓ ਪ੍ਰਤੱਖ ਝਲਕਦਾ ਹੈ। ਇਹ ਕਾਵਿ ਸੰਗ੍ਰਹਿ ਬਾਹਰੀ ਜਗਤ ਦੇ ਟਾਕਰੇ ਆਂਤਰਿਕ ਜਗਤ ਦੀ ਵਿਚਿਤਰਤਾ ਨੂੰ ਵਧੇਰੇ ਪ੍ਰਦਰਸ਼ਿਤ ਕਰਦਾ ਹੈ। ਇਹ ਸੰਗ੍ਰਹਿ ਵਿਅੰਗਾਤਮਕ ਦ੍ਰਿਸ਼ਟੀਕੋਣ ਨਾਲ ਉਤਪੋਤ ਹੈ।

ਰਵਿੰਦਰ ਰਵੀ ਦਾ ਤੀਸਰਾ ਕਾਵਿ ਸੰਗ੍ਰਹਿ **ਬਿੰਦੂ** ਉਸਦੀ ਸਾਹਿਤ ਸਾਧਨਾ ਦਾ ਹੀ ਨਹੀਂ ਉਸ ਦੇ ਅਨੁਭਵ ਦੀ ਵਿਸ਼ਾਲਤਾ ਦਾ ਪ੍ਰਮਾਣ ਵੀ ਪੇਸ਼ ਕਰਦਾ ਹੈ। ਇੱਥੇ ਪਹੁੰਚ ਕੇ ਲੇਖਕ ਦੀ ਸੋਚ ਦਾ ਘੇਰਾ ਹੋਰ ਵੱਧ ਜਾਂਦਾ ਹੈ। ਉਹ ਕਿਸੇ ਖਾਸ ਬੰਧਨ ਵਿੱਚ ਬੱਝਣ ਦੀ ਬਜਾਏ ਨਵੇਂ ਜੀਵਨ ਮੁੱਲ ਸਥਾਪਿਤ ਕਰਨ ਦਾ ਯਤਨ

ਕਰਦਾ ਹੈ। ਬਹੁਤੀਆਂ ਕਵਿਤਾਵਾਂ ਵਿੱਚ ਰਵੀ ਜ਼ਿਹਨੀ ਹਲਚਲ ਨੂੰ ਦਾਰਸ਼ਨਿਕ ਆਧਾਰ ਦੇਣਾ ਸ਼ੁਰੂ ਕਰ ਦਿੰਦਾ ਹੈ। ਵਸਤੂ ਦੀ ਵਿਸ਼ੇਸ਼ਤਾ ਨੂੰ ਤਿਆਗ ਕੇ ਉਸ ਦੇ ਅੰਦਰਲੇ ਅਰਥਾਂ ਨੂੰ ਲੱਭਣ ਦਾ ਯਤਨ ਕਰਦਾ ਹੈ। ਕਵੀ ਨੇ ਆਪਣੇ ਅਨੁਭਵ ਨੂੰ ਯੁੱਗ ਚੇਤਨਾ ਦਾ ਹਾਣੀ ਬਣਾ ਕੇ ਪੇਸ਼ ਕੀਤਾ ਹੈ। ਡਾ. ਜਸਬੀਰ ਸਿੰਘ ਆਹਲੂਵਾਲੀਆ ਦੀ ਟਿੱਪਣੀ ਹੈ :

> "ਕੱਲ ਦੇ ਅਗਾਂਹਵਧੂ ਕਵੀਆਂ ਦੇ ਉਲਟ ਰਵੀ ਨੇ ਦੇਸ਼ ਕਾਲ ਦੇ ਪਾਵੇ ਨਾਲ ਬੰਨਿਆ ਸੀਮਾ ਬੱਧ ਵਿਸ਼ਾ ਨਹੀਂ ਚੁਣਿਆ ਹੈ, ਜੁ ਸਰਬਵਿਆਪੀ ਤੇ ਅਸੀਮ ਹੈ। ਉਸ ਦੇ ਪ੍ਰਗਟਾ ਦੀ ਤਕਨੀਕ ਵੀ ਪਰੰਪਰਾਵਾਦੀ ਨਹੀਂ, ਸਗੋਂ ਆਧੁਨਿਕ ਹੈ। ਬ੍ਰਹਿਮੰਡਕ ਬਿੰਬ ਕਵਿਤਾ ਦੇ ਚਿਤਰਪਟ ਨੂੰ ਵੱਡ-ਆਕਾਰਾ ਬਣਾ ਦਿੰਦੇ ਹਨ।"[23]

ਮਨੁੱਖ ਦੇ ਆਂਤਰਿਕ ਜਗਤ ਅਤੇ ਉਸਦੀ ਮਾਨਸਿਕਤਾ ਵੱਲ ਰਵੀ ਨੇ 'ਬਿੰਦੂ' ਕਾਵਿ ਸੰਗ੍ਰਹਿ ਰਾਹੀ ਵਿਸ਼ੇਸ਼ ਧਿਆਨ ਦਿੱਤਾ ਹੈ। ਮਨੁੱਖ ਦੀ ਹੋਂਦ ਦੇ ਵਿਭਿੰਨ ਪਾਸਾਰਾਂ ਨੂੰ ਸਮਝਣ ਦਾ ਰਵੀ ਨੇ ਖਾਸ ਧਿਆਨ ਦਿੱਤਾ ਹੈ। ਉਹ ਲਿਖਦਾ ਹੈ :

> ਹੋਂਦ ਆਪਣੀ ਨੂੰ ਮੈਂ ਸਮਝਣ,
> ਦਾ ਯਤਨ ਫਿਰ ਕਰ ਰਿਹਾ ਹਾਂ।
> ਫੇਰ ਧੂੰਆਂ ਫੜ ਰਿਹਾ ਹਾਂ।[24]

ਜਿਵੇਂ ਮਨੁੱਖ ਧੂੰਏ ਨੂੰ ਆਪਣੇ ਹੱਥਾਂ ਵਿੱਚ ਨਹੀਂ ਫੜ ਸਕਦਾ , ਉਸੇ ਤਰ੍ਹਾਂ ਮਨੁੱਖ ਆਪਣੀ ਹੋਂਦ ਨੂੰ ਸਮਝਣ ਵਿੱਚ ਅਸਫਲ ਹੋ ਰਿਹਾ ਹੈ।ਮਨੁੱਖ ਦੇ ਮਨ ਦਾ ਅੰਤਲਾ ਸੁਹਜ ਅਤੇ ਉਸਦੀਆਂ ਕਾਮ-ਭਾਵਨਾਵਾਂ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ :

> "ਬਿੰਦੂ ਦਾ ਕਵੀ ਨਿੱਜ ਮਹਿਸੂਸੇ ਤੇ ਆਤਮਚੀਨੇ ਸਾਮਿਅਕ ਵਸਤੂ ਤੇ ਭਾਵ ਤੱਥਾਂ ਨੂੰ ਆਤਮਸਾਤ ਕਰਨ ਵਿੱਚ ਸਫਲ ਹੋਇਆ ਹੈ।"[25]

**ਮੌਨ ਹਾਦਸੇ** ਰਵੀ ਦਾ ਚੌਥਾ ਕਾਵਿ ਸੰਗ੍ਰਹਿ ਹੈ। ਇਸ ਵਿੱਚ ਰਵੀ ਹਾਦਸਿਆਂ ਦੇ ਸ਼ਿਕਾਰ ਵਿਅਕਤੀ ਦੀ ਗੱਲ ਕਰਦਾ ਹੈ। ਉਹ ਮਨੁੱਖ ਦੀ ਸਮੱਸਿਆ ਨਾਲ ਦੋ ਚਾਰ ਹੁੰਦਾ ਹੈ। ਅਜਾਇਬ ਕਮਲ ਅਨੁਸਾਰ :

> "ਆਧੁਨਿਕ ਚੇਤਨਾ ਪਰਵਾਹ ਦੇ ਤਾਣੇ ਪੇਟੇ ਵਿੱਚ ਉਲਝਿਆ, ਇਹ ਹੱਸਾਸ ਕਵੀ ਛਿਣ-ਛਿਣ ਮੌਨ ਹਾਦਸਿਆਂ ਦੀ ਲਪੇਟ ਵਿੱਚ ਆਉਂਦਾ ਹੈ। ਪਰੰਤੂ ਉਸ ਦੇ ਜ਼ਿਹਨ ਵਿੱਚ ਝੁਲ ਰਹੇ ਅਸ਼ਾਂਤ ਝੱਖੜ ਅਤੇ ਮਨ ਵਿੱਚ ਬਲਦੀ ਖਾਮੋਸ਼ ਜਵਾਲਾ 'ਤੋਂ ਉਸਦੇ ਸੰਪਰਕ ਵਿੱਚ ਆਏ ਸਾਧਾਰਨ ਲੋਕ ਅਵੇਸਲੇ ਹੀ ਰਹਿ ਜਾਂਦੇ ਹਨ।"[26]

ਕਵੀ ਆਪਣੇ ਆਲੇ ਦੁਆਲੇ ਦੀ ਮਖੌਟਾਧਾਰੀ ਸੰਸਕ੍ਰਿਤੀ , ਰਸਮੀ ਕਦਰਾਂ ਕੀਮਤਾਂ ਅਤੇ ਆਚਾਰ ਵਿਹਾਰ ਤੋਂ ਬਹੁਤ ਹੀ ਨਿਰਾਸ਼ ਹੋ ਚੁੱਕਾ ਹੈ। ਉਸਦੀ ਨਿਰਾਸ਼ਤਾ ਇਸ ਹੱਦ ਤੱਕ ਵੱਧ ਚੁੱਕੀ ਹੈ ਕਿ ਉਹ ਇਸ ਸਾਰੇ ਸਿਸਟਮ ਨੂੰ ਤਿਆਗਣ ਲਈ ਯਤਨ ਕਰਨੇ ਸ਼ੁਰੂ ਕਰ ਦਿੰਦਾ ਹੈ। ਇਸੇ ਯਤਨਸ਼ੀਲਤਾ ਅਧੀਨ ਹੀ ਉਹ ਇਸ ਸਥਿਤੀ ਨੂੰ ਤਿਆਗ ਕੇ ਨਵੇਂ ਵਿਚਾਰਾਂ, ਨਵੇਂ ਅਨੁਭਵ ਅਤੇ ਨਵੇਂ ਸਜਰੇ ਜੀਵਨ-ਮੁੱਲ ਅਪਨਾਉਣ ਲਈ ਸਹਿਮਤ ਹੋ ਜਾਂਦਾ ਹੈ। ਉਸਦੇ ਕਾਵਿ-ਬੋਲ ਹਨ :

ਮੈਨੂੰ ਪਤਾ ਨਹੀਂ ਆਪਣੀ ਮੰਜ਼ਿਲ ਦਾ,
ਮੈਨੂੰ ਆਪਣੀ ਛਾਂ ਤੋਂ ਡਰ ਆਵੇ।
ਮੇਰੀ ਹੋਂਦ ਗਈ ਹੈ ਪਰਛਾਵੀਂ,
ਮੇਰੇ ਕੰਬਦੇ ਕਦਮਾਂ ਦੀ ਥਿੜਕਣ
ਪਈ ਆਪਣੀ ਤੋਰ ਤੋਂ ਕਤਰਾਵੇ।
ਪਰ ਦੂਰ ਨਜ਼ਰ ਦੀ ਸੀਮਾ 'ਤੇ,
ਕੋਈ ਅਦ੍ਰਿਸ਼ ਮੰਜਿਲ ਖਿੱਚ ਪਾਵੇ।
ਨਾ ਨਜ਼ਰ ਆਵੇ, ਨਾ ਕੋਲ ਆਵੇ
ਕੋਈ ਅਜਨਬੀ ਵਾਜ ਪਈ ਆਵੇ।[27]

ਪਹਿਲੀਆਂ ਸਤਰਾਂ ਵਿੱਚ ਕਵੀ ਨਿਰਾਸ਼ਾਵਾਦੀ ਪ੍ਰਤੀਤ ਹੁੰਦਾ ਹੈ, ਪਰ ਅੱਗੇ ਜਾ ਕੇ ਸਮੁੱਚੇ ਪ੍ਰਬੰਧ ਵਿੱਚ ਬਦਲਾਅ ਲਈ ਆਸਵੰਦ ਨਜ਼ਰ ਆਉਂਦਾ ਹੈ।

ਇਹ ਉਹ ਸਮਾਂ ਸੀ ਜਦੋਂ ਲੇਖਕ ਘੁੰਮਦਾ ਘੁਮਾਉਂਦਾ ਕੀਨੀਆ ਪੁੱਜਾ। ਕੀਨੀਆਂ ਵਿੱਚ ਵੱਖਰੇ ਸਮਾਜਿਕ ਤੇ ਸਭਿਆਚਾਰਿਕ ਜੀਵਨ ਮੁੱਲ ਸਨ, ਜੋ ਰਵੀ ਦੀ ਆਪਣੀ ਧਰਤੀ ਭਾਰਤ ਤੋਂ ਗ੍ਰਹਿਣ ਕੀਤੇ ਜੀਵਨ ਮੁੱਲਾਂ ਨਾਲੋਂ ਬਿਲਕੁਲ ਵੱਖਰੇ ਸਨ। ਸਮਾਜਿਕ ਤੇ ਸਭਿਆਚਾਰਿਕ ਬਦਲਾਅ ਇਨਸਾਨ ਦੀ ਸੋਚ, ਅਨੁਭਵ ਤੇ ਅਭਿਵਿਅਕਤੀ ਨੂੰ ਪ੍ਰਭਾਵਿਤ ਕਰਨ ਵਾਲੇ ਅਹਿਮ ਤੱਤ ਹਨ। ਰਵਿੰਦਰ ਰਵੀ ਜਦੋਂ ਭਾਰਤ ਤੋਂ ਕੀਨੀਆ ਗਿਆ ਤਾਂ ਭਾਰਤੀ ਸਮਾਜ ਵਿੱਚ ਕੁਝ ਐਸੀਆਂ ਕਦਰਾਂ ਕੀਮਤਾਂ ਤੇ ਹਾਲਾਤ ਪੈਦਾ ਹੋ ਗਏ ਸਨ, ਜਿਨ੍ਹਾਂ ਨੂੰ ਸਹਿਣਾ ਸੁਹਿਰਦ ਅਤੇ ਸੰਵੇਦਨਸ਼ੀਲ ਇਨਸਾਨ ਦੇ ਵੱਸ ਦੀ ਗੱਲ ਨਹੀਂ ਸੀ। ਸੋ ਰਵੀ ਇੱਥੋਂ ਦੀ ਸਥਿਤੀ ਤੇ ਹਾਲਾਤਾਂ ਦਾ ਵਿਦਰੋਹ ਕਰਦਾ ਹੋਇਆ ਕੀਨੀਆ ਚਲਾ ਗਿਆ।

ਰਵਿੰਦਰ ਰਵੀ ਦਾ ਪੰਜਵਾਂ ਕਾਵਿ ਸੰਗ੍ਰਹਿ **ਦਿਲ ਟ੍ਰਾਂਸਪਲਾਂਟ ਤੋਂ ਬਾਅਦ** ਹੈ। ਰਵੀ ਦੇ ਇਸ ਸੰਗ੍ਰਹਿ ਵਿੱਚ ਤਨਾਓ ਦਾ ਅੰਸ਼ ਭਾਰੂ ਹੈ। ਉਸਨੇ ਆਪਣੇ ਆਲੇ ਦੁਆਲੇ ਫੈਲੇ ਯਥਾਰਥ ਨੂੰ ਵਿਅਕਤੀਗਤ ਪੱਧਰ ਉੱਤੇ ਸਮਝਣ ਤੇ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਸ ਬਾਰੇ ਪ੍ਰੋ. ਬ੍ਰਹਮਜਗਦੀਸ਼ ਦਾ ਮੱਤ ਹੈ ਕਿ :

"ਰਵਿੰਦਰ ਰਵੀ ਵਿਚਲਾ ਜੁੱਟ ਵਿਰੋਧ, ਜੜਤਾ, ਗਤੀਸ਼ੀਲਤਾ ਅਤੇ ਸਥਾਪਤੀ ਵਿਰੁੱਧ ਵਿਦਰੋਹ ਦੇ ਜੁੱਟ ਵਿਰੋਧਾਂ ਵਲ ਸੰਕੇਤ ਕਰਦਾ ਹੈ। ਹਰ ਵਿਅਕਤੀ ਵਿੱਚ ਇਹ ਦੁਫੇੜ ਸਦਾ ਤਣੀ ਰਹਿੰਦੀ ਹੈ।"[28]

ਰਵਿੰਦਰ ਰਵੀ ਰਵਾਇਤੀ ਮੁੱਲਾਂ ਦਾ ਵਿਦਰੋਹ ਕਰਦਾ ਹੋਇਆ ਸਮੇਂ ਦੇ ਨਾਲ ਨਾਲ ਚਲਦਾ ਹੈ। ਉਹ ਨੈਤਿਕ ਕਦਰਾਂ ਕੀਮਤਾਂ ਵਿੱਚ ਆਉਣ ਵਾਲੇ ਬਦਲਾਅ ਨੂੰ ਇੱਕ ਸੁਹਿਰਦ ਇਨਸਾਨ ਵਾਂਗ ਹੰਢਾਉਂਦਾ ਹੈ। ਭਾਵੇਂ ਇੱਥੋਂ ਤੱਕ ਪੁੱਜਦਿਆਂ ਬਹੁਤੀਆਂ ਕਾਵਿ ਕਿਰਤਾਂ ਦਾ ਵਿਸ਼ਾ ਇਸਤਰੀ-ਮਰਦ ਦੇ ਲਿੰਗ ਸੰਬੰਧਾਂ ਤੱਕ ਹੀ ਸਿਮਟ ਕੇ ਰਹਿ ਜਾਂਦਾ ਹੈ। ਉਦਾਹਰਣ ਵਜੋਂ :

ਰਾਤੀ ਸੋਨਾਗਾਚੀ ਵਿੱਚ
ਮੈਂ ਸਭ ਵੇਸ਼ਵਾਵਾਂ ਭੋਗ ਸੁਟੀਆਂ,
ਸਵੇਰੇ ਮੇਰੇ ਸ਼ੀਸ਼ੇ ਵਿੱਚ ਇੱਕੋ ਪ੍ਰਸ਼ਨ ਸੀ!
ਜੋ ਪੁਰਖ ਇਸਤਰੀ ਨੂੰ ਭੋਗਣ,
ਜਾਂ ਕੁਝ ਕਰਨ ਵਿੱਚ ਨਿਪੁੰਸਕ ਹੈ,
ਉਸਨੂੰ ਪੁਰਖ ਵੇਸਵਾ ਘਰ ਖੋਲ ਲੈਣਾ ਚਾਹੀਦਾ ਹੈ
ਤਾਂ ਕਿ ਸਮ-ਲਿੰਗ ਭੋਗੀਆਂ ਨੂੰ
ਕੋਈ ਨਿਕਾਸ ਤਾਂ ਮਿਲ ਸਕੇ।[29]

ਸ਼ਹਿਰੀ ਮਨੁੱਖ ਦੀ ਜੰਗਲੀ ਸਭਿਅਤਾ ਨੂੰ ਪੇਸ਼ ਕਰਦਾ ਅਗਲਾ ਕਾਵਿ ਸੰਗ੍ਰਹਿ **ਸ਼ਹਿਰ ਜੰਗਲੀ ਹੈ**। ਇਸ ਕਾਵਿ ਸੰਗ੍ਰਹਿ ਬਾਰੇ ਪ੍ਰੋ. ਬ੍ਰਹਮਜਗਦੀਸ਼ ਸਿੰਘ ਕਹਿੰਦਾ ਹੈ :

"ਸ਼ਹਿਰ ਜੰਗਲੀ ਹੈ, ਦੀਆਂ ਬਹੁਤੀਆਂ ਕਵਿਤਾਵਾਂ ਮਨੁੱਖੀ ਜੀਵਨ ਦੀ ਵਿਸੰਗਤੀ ਉਪਰ ਤਨਜ਼ ਕਸਦੀਆਂ ਹਨ। ਪ੍ਰਮਾਣੂ ਯੁੱਧ ਦਾ ਆਤੰਕ, ਟੁੱਟ ਰਹੀਆਂ ਨੈਤਿਕ ਕਦਰਾਂ ਕੀਮਤਾਂ, ਵਿਗਿਆਨਕ ਉਪਲਬਧੀਆਂ ਦੇ ਵੇਗ ਸਾਹਵੇਂ ਟੁੱਟ ਰਹੇ ਮਨੁੱਖ ਦੇ ਸਾਰੇ ਸਮਾਜਿਕ, ਸਭਿਆਚਾਰਕ ਵਿਸ਼ਵਾਸ, ਆਧੁਨਿਕ ਵਿਅਕਤੀ ਦਾ ਆਤਮ-ਕੇਂਦਰੀਕਰਨ, ਮੱਧ ਸ਼ਰੇਣੀ ਦਾ ਖੋਖਲਾਪਣ, ਰਾਜਨੀਤੀ ਵਿੱਚ ਪਨਪ ਰਹੇ ਭ੍ਰਿਸ਼ਟਾਚਾਰ ਆਦਿਕ ਵਿਸ਼ੇ ਇਨ੍ਹਾਂ ਕਵਿਤਾਵਾਂ ਵਿੱਚ ਪੇਸ਼ ਹੋਏ ਹਨ।"[30]

ਰਵਿੰਦਰ ਰਵੀ ਮਨੁੱਖ ਦੀ ਇਤਿਹਾਸਿਕ ਸੋਚ ਨੂੰ ਵਰਤਮਾਨ ਸੋਚ ਦੇ ਨਾਲ ਮੇਚ ਕੇ ਦੇਖਦਾ ਹੈ। ਇਹ ਉਸਦੀ ਇੱਕ ਵਿਸ਼ੇਸ਼ ਪ੍ਰਾਪਤੀ ਹੈ। 'ਸ਼ਹਿਰ ਜੰਗਲੀ ਹੈ' ਵਿਚਲੀਆਂ ਕਵਿਤਾਵਾਂ ਆਧੁਨਿਕ ਮਨੁੱਖ ਦੇ ਆਚਰਣ ਵਿੱਚ ਆ ਚੁੱਕੀ ਗਿਰਾਵਟ ਨੂੰ ਬਿਆਨ ਕਰਦੀਆਂ ਹਨ। ਇਸ ਸੰਗ੍ਰਹਿ ਵਿੱਚ ਰਵੀ ਨੇ ਇਹ ਹੀ ਬਿਆਨ

ਕੀਤਾ ਹੈ ਕਿ ਆਧੁਨਿਕ ਮਨੁੱਖ ਦੀਆਂ ਸੁੱਖ ਸਹੂਲਤਾਂ ਹੀ ਉਸ ਦੇ ਵਿਨਾਸ਼ ਦਾ ਕਾਰਨ ਬਣਦੀਆਂ ਹਨ। ਜੰਗ, ਰਾਜਨੀਤੀ ਆਦਿ ਸਮਾਜਿਕ ਬੁਰਾਈਆਂ ਨੇ ਮਨੁੱਖੀ ਰਿਸ਼ਤਿਆਂ ਨੂੰ ਪਾੜ ਕੇ ਰੱਖ ਦਿੱਤਾ ਹੈ। ਮਨੁੱਖ ਅੰਦਰਲੀਆਂ ਜੰਗਲੀ, ਖੂੰਖਾਰ ਤੇ ਹਿੰਸਕ ਰੁਚੀਆਂ ਨੇ ਮਨੁੱਖਤਵ ਦੇ ਗੌਰਵ ਨੂੰ ਇੱਕ ਅਜੀਬ ਕਿਸਮ ਦੇ ਚੌਰਾਹੇ ਤੇ ਲਿਆ ਕੇ ਖੜਾ ਕਰ ਦਿੱਤਾ ਹੈ। ਰਵੀ ਇਹ ਵੀ ਦੱਸਣ ਦੀ ਕੋਸ਼ਿਸ਼ ਕਰਦਾ ਹੈ ਕਿ ਅੱਜ ਦਾ ਮਨੁੱਖ ਇਨਸਾਨੀਅਤ ਤੋਂ ਹੇਠਾਂ ਆ ਚੁੱਕਾ ਹੈ। ਖੁਦ ਨੂੰ ਸਭਿਅ ਕਹਿਣ ਵਾਲਾ ਮਨੁੱਖ ਅੱਜ ਅੰਦਰੋਂ ਪੂਰੀ ਤਰ੍ਹਾਂ ਖੋਖਲਾ ਹੋ ਗਿਆ ਹੈ। ਪਾਪ, ਰੋਗ, ਅਪਰਾਧ, ਹਿੰਸਾ ਆਦਿ ਪ੍ਰਵਿਰਤੀਆਂ ਉਸ ਉੱਪਰ ਹਾਵੀ ਹੋ ਚੁੱਕੀਆਂ ਹਨ। ਇਨ੍ਹਾਂ ਹੀ ਪ੍ਰਵਿਰਤੀਆਂ ਦੇ ਵਸ ਪਿਆ ਮਨੁੱਖ ਕਠਪੁਤਲੀ ਵਾਂਗ ਨੱਚ ਰਿਹਾ ਹੈ। ਮਨੁੱਖ ਧਰਤੀ ਉੱਤੇ ਇੱਕ ਇਹੋ ਜਿਹਾ ਜੀਵ ਹੈ ਜੋ ਆਪਣੇ ਭਲੇ ਲਈ ਦੂਜਿਆਂ ਨੂੰ ਹਾਨੀ ਪਹੁੰਚਾਉਣ ਤੋਂ ਕਦੇ ਵੀ ਪਰਹੇਜ ਨਹੀਂ ਕਰਦਾ। ਸ਼ਾਇਦ ਇਸੇ ਕਰਕੇ ਹੀ ਮਨੁੱਖ ਨੂੰ ਕੁਦਰਤ ਦੀ ਨੇਕ ਔਲਾਦ ਨਾ ਹੋਣ ਦਾ ਦਰਜਾ ਦਿੱਤਾ ਜਾਂਦਾ ਹੈ। ਰਵਿੰਦਰ ਰਵੀ ਨੇ ਮਨੁੱਖ ਦੀ ਇਸ ਹੋਣੀ ਨੂੰ ਬਾਖੂਬੀ ਪੇਸ਼ ਕੀਤਾ ਹੈ :

ਇਸ ਮਨੁੱਖ ਦੀ ਪੋਸ਼ਾਕ ਪਿੱਛੇ ਨਾ ਜਾਓ,
ਪੋਸ਼ਾਕ ਸਭਿਅਤਾ ਦਾ ਲਾਇਸੈਂਸ ਨਹੀਂ।
ਵੇਖਣ ਨੂੰ, ਕਾਤਲ ਤੇ ਮੁਜ਼ਰਮ,
ਸਭ ਤੋਂ ਵਧ ਸਭਯ ਜਾਪਦੇ ਹਨ।
ਇਹ ਮਨੁੱਖ ਆਪਣੇ ਅੰਦਰ
ਆਦਿ ਵਾਸੀ ਹੈ।
ਆਪਣੀ ਹੋਂਦ ਬਣਾਈ ਰੱਖਣ ਲਈ
ਇਸਦਾ ਇੱਕ ਹੱਥ ਹਰ ਜੇਬ੍ਹ ‘ਤੇ,
ਦੂਸਰਾ ਹਰ ਗਲੇ ਤੱਕ ਪਹੁੰਚ ਸਕਦਾ ਹੈ।[31]

ਰਵਿੰਦਰ ਰਵੀ ਨੇ ਆਪਣਾ ਅਗਲਾ ਕਾਵਿ ਸੰਗ੍ਰਹਿ **ਮੇਰੇ ਮੌਸਮ ਦੀ ਵਾਰੀ** ਕੀਨੀਆ ਵਿੱਚ ਰਹਿੰਦਿਆਂ ਲਿਖਿਆ। ਇਹ ਰਵੀ ਦਾ ਸੱਤਵਾਂ ਕਾਵਿ ਸੰਗ੍ਰਹਿ ਹੈ। ਇੱਥੋਂ ਤਕ ਪੁੱਜ ਕੇ ਰਵਿੰਦਰ ਰਵੀ ਨੇ ਆਪਣੀ ਜ਼ਿੰਦਗੀ ਦੇ ਵਿੰਭਿਨ ਪਹਿਲੂਆਂ ਨੂੰ ਨੀਝ ਨਾਲ ਦੇਖਣ, ਇਨ੍ਹਾਂ ਪਹਿਲੂਆਂ ਨਾਲ ਸੰਬੰਧਿਤ ਪ੍ਰਸ਼ਨਾਂ ਨਾਲ ਦੋ ਚਾਰ ਹੁੰਦਿਆਂ ਪ੍ਰਾਪਤ ਅਨੁਭਵ ਨੂੰ ਪੇਸ਼ ਕਰਨ ਦਾ ਹੌਂਸਲਾ ਕੀਤਾ ਹੈ। ਰਵੀ ਭੌਤਿਕ ਜਗਤ ਦੇ ਸੰਕਲਪਾਂ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹੈ ਅਤੇ ਸਮੇਂ ਦੀ ਤੋਰ ਨੂੰ ਪਛਾਣਦਿਆਂ ਇਨ੍ਹਾਂ ਨੂੰ ਕਾਵਿ ਰਚਨਾਵਾਂ ਵਿੱਚ ਪੇਸ਼ ਕੀਤਾ ਹੈ।

ਰਵਿੰਦਰ ਰਵੀ ਕਿਤੇ ਵੀ ਰੁਕਿਆ ਨਹੀਂ, ਸਗੋਂ ਆਪਣੀ ਸਾਹਿਤਿਕ ਪ੍ਰਕਿਰਿਆ ਨੂੰ ਨਿਰੰਤਰ ਜਾਰੀ ਰੱਖਿਆ।ਇਸਦਾ ਪ੍ਰਮਾਣ ਉਸ ਦੇ ਅਗਲੇ ਕਾਵਿ ਸੰਗ੍ਰਹਿ **ਜਲ ਭਰਮ ਜਲ** ਤੋਂ ਸਹਿਜੇ ਹੀ ਮਿਲ ਜਾਂਦਾ ਹੈ। ਇਸ ਕਾਵਿ ਸੰਗ੍ਰਹਿ ਵਿੱਚ ਰਵੀ ਨੇ ਮਨੁੱਖ ਦੀਆਂ ਲਾਲਸਾਵਾਂ, ਕੁਟਿਲਤਾਵਾਂ ਨੂੰ ਡੀਕੋਡ ਕਰਕੇ ਇੱਕ ਨਿਰਛਲ ਮਾਨਵੀ ਸੰਸਾਰ ਦੀ ਸਿਰਜਣਾ ਲਈ ਪ੍ਰਕਿਰਤਕ ਮਾਨਸਿਕਤਾ ਨਾਲ ਭਰਪੂਰ ਮਾਨਵ ਦੀ ਤਲਾਸ਼ ਨਾਲ ਜੁੜਨ ਦੀ ਪ੍ਰਕਿਰਿਆ ਉੱਤੇ ਬਲ ਦਿੱਤਾ ਹੈ।

ਸਮਾਂ ਮਨੁੱਖੀ ਸੋਚ ਨੂੰ ਨਵਾਂ ਮੁਹਾਂਦਰਾ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਅਦਾ ਕਰਦਾ ਹੈ। ਇਹ ਸਮਾਂ ਹੀ ਹੈ ਜੋ ਮਨੁੱਖ ਨੂੰ ਇੱਕ ਤੋਂ ਦੂਜੀ, ਦੂਜੀ ਤੋਂ ਤੀਜੀ ਥਾਂ ਤੇ ਜਾਣ ਤੇ ਫਿਰ ਆਪਣੀ ਸੋਚ ਅਤੇ ਸੰਵੇਦਨ ਸ਼ਕਤੀ ਰਾਹੀਂ ਗ੍ਰਹਿਣ ਕੀਤੇ ਅਨੁਭਵ ਨੂੰ ਵੱਖ-ਵੱਖ ਪਸਾਰਾਂ ਵਿੱਚ ਪੇਸ਼ ਕਰਨ ਲਈ ਪ੍ਰੇਰਦਾ ਹੈ। ਇਹ ਗੱਲ ਰਵੀ ਕਾਵਿ ਰਚਨਾ ਤੇ ਪੂਰੀ ਤਰ੍ਹਾਂ ਢੁੱਕਦੀ ਹੈ।

**ਚਿੱਟੇ ਕਾਲੇ ਧੱਬੇ** ਰਵਿੰਦਰ ਰਵੀ ਦਾ ਨੌਂਵਾ ਕਾਵਿ ਸੰਗ੍ਰਹਿ ਹੈ। ਜਿੱਥੇ ਉਸ ਦੇ ਪਹਿਲੇ ਅੱਠ ਕਾਵਿ ਸੰਗ੍ਰਹਿ ਉਸਦੀ ਭਾਰਤ ਤੋਂ ਕੀਨੀਆ ਅਤੇ ਕੀਨੀਆ ਤੋਂ ਹੋਰ ਦੇਸ਼ਾ ਦੀ ਫੇਰੀ ਦਾ ਸਿੱਟਾ ਹਨ ਉੱਥੇ ਰਵੀ ਦਾ ਇਹ ਕਾਵਿ ਸੰਗ੍ਰਹਿ ਕੈਨੇਡਾ ਦੀ ਭੂਮੀ, ਜਿੱਥੇ ਉਸ ਨੇ ਪੱਕੇ ਤੌਰ ਤੇ ਰਹਿਣ ਦਾ ਨਿਸ਼ਚਾ ਕਰ ਲਿਆ, ਨਾਲ ਸੰਬੰਧਿਤ ਹੈ। ਇਸ ਵਿੱਚ ਰਵੀ ਨੇ 1974 ਤੋਂ 1978 ਤੱਕ ਦੇ ਚਾਰ ਵਰ੍ਹਿਆਂ ਦੇ ਅਨੁਭਵ ਨੂੰ ਪੇਸ਼ ਕੀਤਾ ਹੈ। ਥਾਂ-ਥਾਂ ਤੇ ਘੁੰਮਣ ਫਿਰਨ ਕਰਕੇ ਰਵੀ ਦੇ ਵਿਚਾਰ ਖਿੰਡਦੇ ਰਹੇ। ਇਹ ਕਾਵਿ ਸੰਗ੍ਰਹਿ ਮਨੁੱਖ ਦੇ ਨਾਸ਼ਵਾਨ ਜੀਵਨ ਦੀ ਗੱਲ ਕਰਦਾ ਹੈ।

**ਸੀਮਾ ਆਕਾਸ਼** ਕਾਵਿ ਸੰਗ੍ਰਹਿ ਨਾਲ ਰਵਿੰਦਰ ਰਵੀ ਦੀ ਕਾਵਿ ਯਾਤਰਾ ਦੇ ਵੀਹ ਵਰ੍ਹੇ ਪੂਰੇ ਹੋ ਜਾਂਦੇ ਹਨ। ਇਸ ਸੰਗ੍ਰਹਿ ਵਿੱਚ ਰਵੀ ਨੇ ਅਜੋਕੇ ਮਨੁੱਖ ਦੀ ਹੋਣੀ ਨੂੰ ਭਲੀ ਭਾਂਤ ਦਰਸਾਇਆ ਹੈ। ਅੱਜ ਦੇ ਮਨੁੱਖ ਦੀ ਹੋਣੀ ਵਿੱਚ ਪਰਸਪਰ ਆਤਮ ਵਿਰੋਧ ਦੀ ਖਿੱਚ ਧੂਹ ਤੇ ਤਣਾਓ ਅਨੇਕਾਂ ਪੱਧਰਾਂ ਤੇ ਪੈਦਾ ਹੁੰਦਾ ਹੈ। ਸ਼ਾਇਦ ਇਸੇ ਕਾਰਨ ਹੀ ਆਧੁਨਿਕ ਚਿੰਤਨਸ਼ੀਲ ਤੇ ਦੂਰਦਰਸ਼ੀ ਮਨੁੱਖ ਦਾ ਮਾਨਸਿਕ ਤੇ ਬੌਧਿਕ ਸੰਸਾਰ ਬਹੁਤ ਹੀ ਜਟਿਲ ਤੇ ਗੁੰਝਲਦਾਰ ਹੋ ਗਿਆ ਹੈ।ਰਵੀ ਨੇ ਇਸ ਵਿੱਚ ਰੋਮਨ ਇਤਿਹਾਸ ਦੇ ਦੇਵਤੇ 'ਜੇਨਸ' ਦਾ ਜ਼ਿਕਰ ਕੀਤਾ ਹੈ। ਇਸ ਰਾਹੀਂ ਰਵੀ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਸਿਰਜਣਾਤਮਕ ਪ੍ਰਾਪਤੀਆਂ ਦਾ ਆਰੰਭ ਵਿਰੋਧਤਾਵਾਂ ਵਿਚਕਾਰ ਵਿਚਰਦੇ ਤਨਾਓ ਦੀ ਚੇਤਨਾ ਤੋਂ ਹੁੰਦਾ ਹੈ।

ਰਵਿੰਦਰ ਰਵੀ ਨੇ ਆਪਣੀ ਸੋਚ ਨੂੰ ਨਿਜੀ ਦਾਇਰੇ ਤੱਕ ਹੀ ਸੀਮਿਤ ਨਹੀਂ ਰੱਖਿਆ ਬਲਕਿ ਉਸ ਨੂੰ ਸਮੁੱਚੀ ਮਨੁੱਖਤਾ ਦੇ ਅਨੁਸਾਰੀ ਬਣਾਇਆ ਹੈ ਅਤੇ ਪਾਠਕਾਂ ਅੱਗੇ ਕੁਝ ਪ੍ਰਸ਼ਨ ਪੇਸ਼ ਕੀਤੇ ਹਨ।ਇਸ ਸੰਬੰਧ ਵਿੱਚ ਪ੍ਰੋ. ਪਰਮਦੀਪ ਭੁੱਲਰ ਦਾ ਕਥਨ ਵਿਚਾਰਨਯੋਗ ਹੈ। ਉਸ ਅਨੁਸਾਰ :

"ਸਾਹਿਤਕਾਰ ਲਈ ਜ਼ਰੂਰੀ ਨਹੀਂ ਕਿ ਰਚਨਾ ਵਿੱਚ ਪੇਸ਼ ਕੀਤੀ ਗਈ ਸਮੱਸਿਆ ਦਾ ਹੱਲ ਵੀ ਦਰਸਾਏ। ਸਾਹਿਤਕਾਰ ਦਾ ਮਨੋਰਥ ਤਾਂ ਕਿਸੇ ਸਮੱਸਿਆ ਬਾਰੇ ਪਾਠਕਾਂ ਨੂੰ ਸੁਚੇਤ ਕਰਨਾ ਹੈ ਤੇ ਉਸ ਨਾਲ ਨਿਪਟਣ ਦੀ ਜ਼ਿੰਮੇਵਾਰੀ ਪਾਠਕ ਦੀ ਆਪਣੀ ਹੁੰਦੀ ਹੈ।"[32]

ਆਪਣੇ ਅਗਲੇ ਕਾਵਿ ਸੰਗ੍ਰਹਿ **ਸ਼ੀਸ਼ੇ ਤੇ ਦਸਤਕ** ਵਿੱਚ ਰਵਿੰਦਰ ਰਵੀ ਮਨੁੱਖੀ ਸਮਾਜ ਦੀ ਉਸ ਸਮਕਾਲੀ ਸਥਿਤੀ ਨੂੰ ਪ੍ਰਗਟ ਕਰਦਾ ਹੈ; ਜਿੱਥੇ ਮਸ਼ੀਨਾਂ ਉਸ ਦੇ ਵਜੂਦ ਨੂੰ ਖਤਮ ਕਰ ਰਹੀਆਂ ਹਨ। ਇਸ ਦੇ ਨਾਲ ਹੀ ਉਹ ਪੰਜਾਬ ਤੋਂ ਵਿਦੇਸ਼ਾਂ ਵਿੱਚ ਗਏ ਪੰਜਾਬੀਆਂ ਦੀ ਸਥਿਤੀ ਨੂੰ ਇਸ ਸੰਗ੍ਰਹਿ ਦਾ ਵਿਸ਼ਾ ਬਣਾਉਂਦਾ ਹੈ। ਉਹ ਆਪਣੀ ਗੱਲ ਆਧੁਨਿਕ ਆਖੇ ਜਾ ਰਹੇ ਸਮੁੱਚੇ ਸਿਸਟਮ ਅੱਗੇ ਰੱਖਦਾ ਹੈ :

ਮਸ਼ੀਨ ਦੇ ਇਸ ਯੁੱਗ ਵਿੱਚ
ਟੀ. ਵੀ. ਕਮਰਸ਼ਲਜ਼
ਤੇ ਇਸ਼ਤਿਹਾਰੀ ਰੌਸ਼ਨੀਆਂ
ਦੀ ਜੂਨ ਭੋਗਦੀ, ਅੱਜ ਦੀ ਨਸਲ
ਕਿੱਧਰ ਨੂੰ ਜਾ ਰਹੀ ਹੈ???[33]

ਰਵਿੰਦਰ ਰਵੀ ਦੀ ਆਧੁਨਿਕਤਾ ਇਸ ਗੱਲ ਵਿੱਚ ਹੈ ਕਿ ਉਸ ਨੇ ਪਰੰਪਰਾ ਵੱਲ ਰੂੜੀਵਾਦੀ ਰਵੱਈਆ ਨਾ ਰੱਖ ਕੇ ਸਗੋਂ ਵਰਤਮਾਨ ਵਿੱਚ ਖਲੋ ਕੇ, ਸੰਵੇਦਨਸ਼ੀਲ ਤੇ ਚੇਤੰਨ ਕਵੀ ਵਾਂਗ ਸੂਹਜ ਦ੍ਰਿਸ਼ਟੀ ਅਪਨਾਈ ਹੈ। ਉਹ ਕਿਸੇ ਵਿਰੋਧ ਦੀ ਬਜਾਇ ਆਪੇ ਦੀ ਸਮੁੱਚੀ ਹੋਂਦ ਦੀ ਤਲਾਸ਼ ਲਈ ਤਤਪਰ ਦਿਖਾਈ ਦਿੰਦਾ ਹੈ। ਉਦਾਹਰਣ ਵਜੋਂ :

ਐਸਾ ਸ਼ੀਸ਼ਾ ਕਿੱਥੋਂ ਲੱਭੀਏ,
ਜਿਹੜਾ ਸੱਗਵਾ ਆਪ ਵਿਖਾਲੇ।
ਵੰਡ ਗਏ ਹਨ ਟੁਕੜੀ-ਟੁਕੜੀ,
ਸ਼ੀਸ਼ੇ ਦਸਤਕ ਦੇਵਣ ਵਾਲੇ।[34]

ਆਰਥਿਕ ਲੋੜਾਂ ਤੋਂ ਮਜਬੂਰ ਇਨਸਾਨ ਘਰ ਬਾਹਰ ਤਿਆਗ ਕੇ ਪਰਵਾਸ ਧਾਰਨ ਕਰਨ ਤੋਂ ਵੀ ਨਹੀਂ ਡਰਦਾ। ਇੱਥੇ ਪਹੁੰਚ ਕੇ ਉਹ ਕਈ ਤਰ੍ਹਾਂ ਦੇ ਸੰਤਾਪ ਭੋਗਦਾ ਹੈ। ਨਿਮਨਲਿਖਤ ਕਾਵਿ ਸਤਰਾਂ ਵਿੱਚ ਉਸ ਨੂੰ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਆਰਥਿਕ ਪੱਖ ਤੋਂ ਆਜ਼ਾਦ ਹੋਕੇ ਵੀ ਉਹ ਗ਼ੁਲਾਮੀ ਦੀਆਂ ਜੰਜ਼ੀਰਾਂ ਵਿੱਚ ਘੁੱਟ ਕੇ ਜਕੜਿਆ ਗਿਆ ਹੋਵੇ:-

ਅੰਨ ਧਨ ਤੇ ਇੱਛਾ
ਦੀ ਖਿੱਚ, ਲੋੜ ਵਿੱਚ ਟੁੱਟੇ, ਅਸੀਂ
ਅੱਕ-ਕਕੜੀ ਦੇ ਉਡਣ-ਫੰਬਿਆਂ ਵਾਂਗ,
ਹਵਾਵਾਂ ਦੇ ਰੁੱਖ....
ਕਿਸੇ ਦੀ ਨਵੀਂ ਧਰਤੀ ਨਵੇਂ ਦੇਸ਼
ਵਿੱਚ ਫਿਰ ਜੰਮਣ ਲਈ ਤੁਰ ਪਏ
--------------------
ਮੀਲਾਂ ਤੱਕ ਪਰਾਈ,
ਅਜਾਣੇ ਜਿਉਣ ਢੰਗ,
ਬੇਗਾਨਗੀ ਦੇ ਆਲਮ
ਦਾ ਇੱਕ ਨਾ ਮੁੱਕਵਾਂ ਥਲ ਹੈ।
ਪਹਿਲਾਂ ਤਾਂ ਆਜ਼ਾਦ ਸੀ, ਜੁ
ਆਰਥਿਕਤਾ ਨਾਲ ਬੱਝੀ, ਬੰਦੀ ਬਣੀ ਸੀ।
ਹੁਣ ਬੋਲੀ ਤੇ ਸਭਿਆਚਾਰ ਵੀ,
ਜੰਜ਼ੀਰਾਂ 'ਚ ਜਕੜੇ ਗਏ ਹਨ।[35]

ਇਸ ਤਰ੍ਹਾਂ ਰਵਿੰਦਰ ਰਵੀ ਨੇ ਮਨੁੱਖੀ ਮਨ ਦੀ ਉੱਥਲ-ਪੁੱਥਲ ਜੋ ਪਰਵਾਸ ਦੀ ਇੱਕ ਨਾਂ ਭੁਲਣਯੋਗ ਦੇਣ ਹੁੰਦੀ ਹੈ, ਨੂੰ ਇਸ ਸੰਗ੍ਰਹਿ ਵਿੱਚ ਪੇਸ਼ ਕੀਤਾ ਹੈ।

**ਆਪਣੇ ਖਿਲਾਫ਼** ਰਵਿੰਦਰ ਰਵੀ ਦਾ ਅਗਲਾ ਕਾਵਿ ਸੰਗ੍ਰਹਿ ਹੈ। ਇੱਥੇ ਪੁੱਜ ਕੇ ਰਵੀ ਇਸ ਜਗਤ ਦੇ ਉਲਾਰ/ਭ੍ਰਿਸ਼ਟ ਵਰਤਾਰਿਆਂ ਪ੍ਰਤੀ ਆਪਣੀ ਉਤਸੁਕਤਾ ਨੂੰ ਕਾਫ਼ੀ ਮੱਧਮ ਕਰ ਲੈਂਦਾ ਹੈ ਤੇ ਆਦਮੀ ਦੀ 'ਆਦਮੀਅਤਾ' ਅਤੇ ਇਸ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਵਿੱਚ ਕਾਫ਼ੀ ਦਿਲਚਸਪੀ ਲੈਣੀ ਸ਼ੁਰੂ ਕਰ ਦਿੰਦਾ ਹੈ। ਰਵੀ ਨੂੰ ਮਨੁੱਖੀ ਜ਼ਿੰਦਗੀ ਦੀ ਵਿਅਰਥਤਾ ਦਾ ਅਹਿਸਾਸ ਕੁਝ ਜ਼ਿਆਦਾ ਹੀ ਪ੍ਰਬਲ ਰੂਪ ਵਿੱਚ ਹੁੰਦਾ ਹੈ। ਉਹ ਆਪਣੇ ਆਪ ਨੂੰ ਇੱਕ ਖਲਾਅ ਵਿੱਚ ਘਿਰਿਆ ਹੋਇਆ ਮਹਿਸੂਸ ਕਰਦਾ ਹੈ:-

ਉਮਰ ਦੇ ਪੱਥ 'ਤੇ,
ਇਸ ਤਰਫ਼ ਵੀ ਖਲਾਅ ਹੈ,
ਉਸ ਤਰਫ਼ ਵੀ ਖਲਾਅ ਹੈ!!!

ਕਦੇ ਕਦੇ ਇੰਝ ਜਾਪਦਾ ਹੈ, ਜਿਵੇਂ

ਇਹ ਦੁਨੀਆਂ ਬਹੁਤ ਵੱਡਾ ਰੇਲਵੇ ਸਟੇਸ਼ਨ ਹੋਵੇ...

ਤੇ ਹਰ ਵਿਅਕਤੀ ਆਪੋ-ਆਪਣਾ ਖਲਾਅ ਸਮੇਟੀ,

ਲਾਈਨਾਂ ਦੇ ਅਨੰਤ ਮਕੜ-ਜਾਲ ਦੇ ਹਵਾਲੇ,

ਸਵੈਕਾਰ ਵਾਹਨ ਵਾਂਗ...

ਵੱਸੋ ਬਾਹਰ ਹੋਏ ਕੰਟਰੋਲ ਹੇਠ

ਲਗਾਤਾਰ ਛੰਟ ਹੋ ਰਿਹਾ ਹੋਵੇ

ਇਸ ਤਰਫ਼, ਉਸ ਤਰਫ਼, ਹਰ ਤਰਫ਼, ਖਲਾਅ ਵਿੱਚ...[36]

ਇਸ ਸੰਗ੍ਰਹਿ ਰਾਹੀਂ ਰਵਿੰਦਰ ਰਵੀ ਨੇ ਮਨੁੱਖੀ ਜ਼ਿੰਦਗੀ ਦਾ ਇੱਕ ਹੋਰ ਅਹਿਮ ਪਹਿਲੂ ਵੀ ਦ੍ਰਿਸ਼ਟੀਗੋਚਰ ਕੀਤਾ ਹੈ ਕਿ ਮਨੁੱਖ ਨੂੰ ਸਮੇਂ ਦੀ ਨਿਰੰਤਰਤਾ ਨਾਲ ਬੁਢਾਪੇ ਦੀ ਸਹਿਜ ਅਵਸਥਾ ਤੱਕ ਪੁੱਜ ਕੇ ਹੀ ਆਪਣੇ ਅੰਤ ਦੀ ਸੋਝੀ ਹੁੰਦੀ ਹੈ। ਪਰ ਮਨੁੱਖ ਦੀ ਹੋਣੀ ਇਹ ਹੈ ਕਿ ਉਹ ਇਸ ਅੰਤ ਦੀ ਸੋਝੀ ਹੋਣ ਉਪਰੰਤ ਵੀ ਮ੍ਰਿਤੂ ਨੂੰ ਅਪਨਾਉਣ ਤੋਂ ਇਨਕਾਰੀ ਹੁੰਦਾ ਹੈ। ਮੌਤ ਦੀ ਬਜਾਏ ਹੋਰ ਜੀਵਨ ਜਿਉਣ ਦੀ ਲਾਲਸਾ ਉਸ ਤੇ ਹਾਵੀ ਹੋ ਜਾਂਦੀ ਹੈ। ਮਨੁੱਖੀ ਜ਼ਿੰਦਗੀ ਦੀਆਂ ਅਨੇਕਾਂ ਸੱਚਾਈਆਂ, ਜਿਨ੍ਹਾਂ ਨੂੰ ਜਾਣਦਿਆਂ ਹੋਇਆਂ ਵੀ ਇਨਸਾਨ ਅਪਣਾਉਣੋਂ ਡਰਦਾ ਹੈ, ਭੱਜਦਾ ਹੈ, ਨੂੰ ਬਾਖ਼ੂਬੀ ਇਸ ਵਿੱਚ ਪੇਸ਼ ਕੀਤਾ ਹੈ।

**ਸੂਰਜ ਤੇਰਾ ਮੇਰਾ** ਰਵੀ ਦਾ ਤੇਰ੍ਹਵਾਂ ਕਾਵਿ ਸੰਗ੍ਰਹਿ ਹੈ। ਇਸ ਵਿੱਚ ਰਵੀ ਨੇ ਆਪਣੀ ਕਾਵਿ ਸਮਰੱਥਾ ਦਾ ਨਵਾਂ ਪ੍ਰਮਾਣ ਪੇਸ਼ ਕੀਤਾ ਹੈ। ਉਸ ਨੇ ਆਪਣੀ ਕਵਿਤਾ ਨੂੰ ਵਿਸ਼ਵ ਦੇ ਪੱਧਰ ਤੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਸੰਬੰਧ ਵਿੱਚ ਬ੍ਰਹਮਜਗਦੀਸ਼ ਸਿੰਘ ਦੀ ਟਿੱਪਣੀ ਹੈ :

> "ਸੂਰਜ ਤੇਰਾ ਮੇਰਾ ਰਵਿੰਦਰ ਰਵੀ ਨੇ 'ਸੰਕਲਪ ਤੇ ਸਿਰਜਨਾ' 'ਅਨੁਭਵ ਤੇ ਅਭਿਵਿਅਕਤੀ' 'ਸ਼ਬਦ ਤੇ ਅਰਥ' 'ਪ੍ਰਭਾਸ਼ਿਤ ਤੇ ਅਪ੍ਰਭਾਸ਼ਿਤ' ਵਰਗੇ ਅੰਤਰ ਸੰਬੰਧਿਤ ਸੰਕਲਪਾਂ ਨੂੰ ਨਵਾਂ ਆਕਾਰ-ਪ੍ਰਕਾਰ ਅਤੇ ਸੰਤੁਲਨ ਪ੍ਰਦਾਨ ਕੀਤਾ ਹੈ। ਇਸ ਤਰ੍ਹਾਂ ਉਸ ਦੀਆਂ ਇਹ ਕਵਿਤਾਵਾਂ ਇੱਕ ਅਜਿਹਾ ਗਹਿਰ-ਗੰਭੀਰ ਸੁਰ ਅਖ਼ਤਿਆਰ ਕਰ ਗਈਆਂ ਹਨ।ਜਿਸ ਦੀ ਆਧੁਨਿਕ ਪੰਜਾਬੀ ਕਾਵਿ ਵਿੱਚ ਕਾਫ਼ੀ ਘਾਟ ਮਹਿਸੂਸ ਹੋ ਰਹੀ ਹੈ।"[37]

ਜਦੋਂ ਮਨੁੱਖ ਨੂੰ ਆਪਣੇ ਵਿਰਸੇ ਦੀਆਂ ਪਰੰਪਰਾਗਤ ਕਦਰਾਂ-ਕੀਮਤਾਂ ਤਿੜਕਦੀਆਂ ਲਗਦੀਆਂ ਹਨ ਤਾਂ ਬਦਲੇ ਹੋਏ ਸਮਾਜਿਕ ਸਭਿਆਚਾਰਿਕ ਮਾਹੌਲ ਵਿੱਚ ਉਸਨੂੰ ਆਪਣੀ ਹੋਂਦ ਗੁੰਮ ਹੋ ਗਈ ਪ੍ਰਤੀਤ ਹੁੰਦੀ ਹੈ। ਵੱਧ ਤੋਂ ਵੱਧ ਕਮਾਉਣ ਦੀ ਇੱਛਾ ਮਨੁੱਖ ਨੂੰ ਮਸ਼ੀਨ ਬਣਾ ਦਿੰਦੀ ਹੈ। ਇਸ ਤਰ੍ਹਾਂ ਇਨਸਾਨ ਦਾ ਕੰਮ

ਵਿੱਚ ਗੁਆਚ ਜਾਣਾ, ਜ਼ਿੰਦਗੀ ਦਾ ਅਸਲੀ ਅਰਥ ਗੁਆ ਬਹਿਣਾ ਪਰਵਾਸੀ ਜ਼ਿੰਦਗੀ ਦਾ ਉਹ ਯਥਾਰਥ ਹੈ ਜੋ ਜ਼ਿੰਦਗੀ ਦੀ ਲਿਸ਼ਕ-ਪੁਸ਼ਕ ਪਿੱਛੇ ਲੁੱਕ ਜਾਂਦਾ ਹੈ। ਇਸ ਤਰ੍ਹਾਂ ਅਸਲੀ ਪਰਵਾਸੀ ਜ਼ਿੰਦਗੀ ਦੀ ਪੇਸ਼ਕਾਰੀ ਰਵਿੰਦਰ ਰਵੀ ਦੀ ਕਵਿਤਾ ਵਿੱਚ ਹੁੰਦੀ ਹੈ।

ਰਵੀ ਦਾ ਅਗਲਾ ਕਾਵਿ ਸੰਗ੍ਰਹਿ **ਗੰਢਾਂ** ਹੈ। ਇਸ ਸੰਗ੍ਰਹਿ ਵਿੱਚ ਰਵੀ ਉਨ੍ਹਾਂ ਗੰਢਾਂ ਦੀ ਗੱਲ ਕਰਦਾ ਹੈ, ਜੋ ਬਹੁਤ ਪੇਚੀਦਾ ਹੋ ਚੁੱਕੀਆਂ ਹਨ ਅਤੇ ਮਨੁੱਖ ਇਨ੍ਹਾਂ ਗੰਢਾਂ ਨੂੰ ਜਿੰਨਾ ਖੋਲਣਾ ਚਾਹੁੰਦਾ ਹੈ, ਇਹ ਉਨ੍ਹੀਆਂ ਹੀ ਗਹਿਰ ਗੰਭੀਰ ਰੂਪ ਅਖਿਤਿਆਰ ਕਰਦੀਆਂ ਜਾਂਦੀਆਂ ਹਨ। 'ਗੰਢਾਂ' ਦੇ ਪ੍ਰਤੀਕ ਰਾਹੀਂ ਕਵੀ ਮਾਨਵੀ ਰਿਸ਼ਤਿਆਂ ਦੀ ਵਿਆਖਿਆ ਬੜੇ ਸੂਝਮਈ ਢੰਗ ਨਾਲ ਕਰਦਾ ਹੈ।ਮਾਨਵੀ ਰਿਸ਼ਤਿਆਂ ਦਾ ਮੂਲ ਮੁੱਢ ਔਰਤ-ਮਰਦ ਦਾ ਆਪਸੀ ਰਿਸ਼ਤਾ ਕਵੀ ਨੂੰ ਮੁੱਖ ਤੌਰ ਤੇ ਇਨ੍ਹਾਂ ਗੰਢਾਂ ਤੋਂ ਪ੍ਰਭਾਵਿਤ ਹੋਇਆ ਨਜ਼ਰ ਆਉਂਦਾ ਹੈ :

ਕੱਲੇ ਕੱਲੇ ਪੁਰਸ਼ ਇਸਤਰੀ...
ਵਗ ਰਿਹਾ ਦਰਿਆ!
ਆਪੇ ਸਿਰਜੀ ਵਿੱਥ ਜੋ ਹਰ ਕੋਈ
ਇੱਕ ਦੂਜੇ ਸੰਗ ਵਿਚਰ ਰਿਹਾ ![38]

ਇਸ ਸੰਗ੍ਰਹਿ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਮਾਨਵੀ ਰਿਸ਼ਤਿਆਂ ਵਿੱਚ ਆ ਰਹੇ ਵਿਗਾੜ ਨੂੰ ਪੇਸ਼ ਕਰਦੀਆਂ ਹਨ। ਇਸ ਖਲਾਅ ਅਤੇ ਬੇਗਾਨਗੀ ਦਾ ਕਾਰਨ ਕਵੀ ਅੱਜ ਦੇ ਜੀਵਨ ਵਿੱਚ ਮਾਨਵੀ ਮੁੱਲਾਂ ਨਾਲੋ ਵਧੇਰੇ ਸ੍ਰੇਸ਼ਠ ਸਮਝੀ ਜਾਂਦੀ ਪੂੰਜੀ ਨੂੰ ਮੰਨਦਾ ਹੈ। ਮਸ਼ੀਨੀ ਯੁੱਗ ਵਿੱਚ ਮਾਨਵੀ ਕਦਰਾਂ ਕੀਮਤਾਂ ਦਾ ਲਗਭਗ ਅਭਾਵ ਹੁੰਦਾ ਜਾ ਰਿਹਾ ਹੈ। ਮਨੁੱਖੀ ਮਨ ਵਿੱਚ ਇਨ੍ਹਾਂ ਗੰਢਾਂ ਦੇ ਪੈਦਾ ਹੋਣ ਦਾ ਮੁੱਖ ਕਾਰਨ ਵੀ ਪੂੰਜੀਵਾਦੀ ਨਿਜ਼ਾਮ ਹੀ ਹੈ।

ਰਵਿੰਦਰ ਰਵੀ ਦਾ ਅਗਲਾ ਕਾਵਿ ਸੰਗ੍ਰਹਿ **ਸ਼ਬਦੋਂ ਪਾਰ** ਹੈ। ਇਸ ਵਿੱਚ ਰਵੀ ਦੀਆਂ 1984 ਤੋਂ 1998 ਤੱਕ ਦੀਆਂ 97 ਕਵਿਤਾਵਾਂ ਹਨ। ਕਵੀ ਕਿਸੇ ਵੀ ਚੀਜ਼ ਵਿੱਚ ਕੋਈ ਭੇਦ ਨਹੀਂ ਰੱਖਦਾ। ਉਸ ਅਨੁਸਾਰ ਮਨੁੱਖੀ ਜੀਵਨ ਵਿੱਚ ਸਭ ਕੁਝ ਸਵੀਕਾਰਨ ਯੋਗ ਹੈ। ਪਰ ਸਾਂਭਣ ਯੋਗ ਕੁਝ ਵੀ ਨਹੀਂ। ਰਵੀ ਚਾਹੁੰਦਾ ਹੈ ਕਿ ਕਿਸੇ ਵੀ ਤਰ੍ਹਾਂ ਦਾ ਸੂਖਮ ਜਾਂ ਸਥੂਲ ਪ੍ਰਦੂਸ਼ਣ ਪ੍ਰਿਥਵੀ ਦੀ ਖ਼ੂਬਸੂਰਤੀ ਨੂੰ ਖਰਾਬ ਨਾ ਕਰੇ :

ਇਹ ਕੂੜਾ ਸ੍ਰਿਸ਼ਟੀ ਲਈ ਖਤਰਾ!
ਸਵਸਥ ਸੋਚ, ਦ੍ਰਿਸ਼ਟੀ ਲਈ ਖਤਰਾ!
ਆਦਮ-ਬੋ, ਆਦਮ-ਬੋ ਕਰਦੇ,

ਇਸ ਕੂੜੇ ਦੇ ਚੱਕ੍ਰਵਯੂਹ ਨੂੰ,

ਕਿਹੜਾ ਸੂਰਾ ਤੋੜ ਸਕੇਗਾ?

ਵਾਤਾਵਰਨ ਦੀ ਸ਼ੁੱਧੀ ਦੇ ਲਈ,

ਸਭ ਦੀ ਸੁਰਤੀ ਜੋੜ ਸਕੇਗਾ?[39]

**ਪੱਤਰ ਤੇ ਦਰਿਆ** ਰਵਿੰਦਰ ਰਵੀ ਦਾ ਸੋਲਵਾਂ ਕਾਵਿ ਸੰਗ੍ਰਹਿ ਹੈ। ਇਸ ਵਿੱਚ ਉਸਦੀ ਵਡੇਰੀ ਉਮਰ ਦੀ ਪਕਿਆਈ ਨਜ਼ਰ ਆਉਂਦੀ ਹੈ। ਰਵੀ ਸਮਕਾਲੀ ਜਗਤ ਦੇ ਸਰੋਕਾਰਾਂ ਨੂੰ ਮੁਖ਼ਾਤਿਬ ਹੁੰਦਾ ਹੈ।ਇਸ ਦੀ ਕਵਿਤਾ ਸਮਕਾਲਿ ਜਗਤ ਦੀਆਂ ਕੁਝ ਉਨ੍ਹਾਂ ਲੱਭਤਾਂ ਨੂੰ ਪਰਿਭਾਸ਼ਿਤ ਕਰਦੀ ਹੈ ਜਿਹੜੀਆਂ ਸਾਡੇ ਯੁੱਗ ਨੂੰ ਇੱਕ ਨਵੀ ਪਹਿਚਾਣ ਅਤੇ ਇੱਕ ਨਵਾਂ ਸਰੂਪ ਦੇਣ ਦੀ ਗੱਲ ਕਰਦੀਆਂ ਹਨ। ਇਸ ਸੰਗ੍ਰਹਿ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਭੂ-ਹੇਰਵੇ, ਪਰਵਾਸੀ ਸਭਿਆਚਾਰ, ਨਸਲੀ ਵਿਤਕਰਾ ਆਦਿ ਦੇ ਰੂੜੀਵਾਦੀ ਵਿਸ਼ਿਆਂ ਦੀ ਗੱਲ ਨਹੀਂ ਕਰਦਾ ਬਲਕਿ ਇਸ ਪੜਾਅ ਤੇ ਉਹ ਮਨੁੱਖ ਅਤੇ ਮਨੁੱਖਤਾ ਦਾ ਹਿੱਸਾ ਬਣਨ ਦੇ ਯਤਨਾਂ ਵਿੱਚ ਹੈ। ਰਵੀ ਨੇ ਇਸ ਸੰਗ੍ਰਹਿ ਵਿੱਚ ਜਿਹੜੀ ਇੱਕ ਗੱਲ ਹੋਰ ਕਹਿਣੀ ਚਾਹੀ ਹੈ ਉਹ ਇਹ ਹੈ ਕਿ ਮੈਂ ਦੀ ਸੰਤੁਸ਼ਟੀ ਅੱਜ ਦੇ ਮਨੁੱਖ ਦਾ ਇੱਕੋ ਇੱਕ ਜੀਵਨ ਆਦਰਸ਼ ਹੈ। ਰਵੀ ਇਹ ਵੀ ਦੱਸਦਾ ਹੈ ਕਿ ਅੱਜ ਦਾ ਮਨੁੱਖ ਸਵੈ ਦੀ ਖੈਰ ਮੰਗਦਾ ਹੈ ਅਤੇ ਸਰਬੱਤ ਦੇ ਵਿਨਾਸ਼ ਦੀ ਗੱਲ ਕਰਦਾ ਹੈ।

**ਛਾਵਾਂ ਤੇ ਪਰਛਾਵੇ** ਰਵਿੰਦਰ ਰਵੀ ਦਾ ਸਤਾਰਵਾਂ ਕਾਵਿ ਸੰਗ੍ਰਹਿ ਹੈ ।ਇੱਥੋਂ ਤੱਕ ਪਹੁੰਚਦਿਆਂ ਰਵਿੰਦਰ ਰਵੀ ਦੇ ਕਾਵਿ ਅਨੁਭਵ ਵਿੱਚ ਪੂਰੀ ਪਰਪੱਕਤਾ ਆ ਗਈ ਹੈ ਅਤੇ ਪ੍ਰਗਟਾਅ ਵਿੱਚ ਵੀ ਸਾਦਾਪਨ ਹੈ। ਇੱਥੋਂ ਤੱਕ ਪਹੁੰਚ ਕੇ ਰਵੀ ਜ਼ੋਰ ਲਾ ਕੇ ਗੱਲ ਕਹਿਣ ਦੀ ਕੋਸ਼ਿਸ਼ ਨਹੀਂ ਕਰਦਾ ਸਗੋਂ ਸਹਿਜ ਸੁਭਾ ਹੀ ਕੁਝ ਵੀ ਕਹਿ ਜਾਂਦਾ ਹੈ :

ਲੰਮੀ ਉਮਰ ਤੇ ਭੁੱਖ-ਮਰੀ ਪਿੱਛੋਂ

ਕਿਸੇ ਭੁੱਖੇ ਨੂੰ ਮਿਲਿਆ ਅੰਨ ਦਾ ਟੁਕੜਾ,

ਕਾਵਿਕਤਾ ਹੀ ਹੈ!!!

ਕਾਵਿਕਤਾ ਸ਼ਬਦਾਂ ਵਿੱਚ ਹੀ ਨਹੀਂ,

ਸ਼ਬਦਾਂ ਤੋਂ ਬਾਹਰ ਵੀ ਹੁੰਦੀ ਹੈ ![40]

ਇਹ ਸੰਗ੍ਰਹਿ ਉਸ ਵੇਲੇ ਲਿਖਿਆ ਗਿਆ ਜਦੋਂ ਚਾਰੇ ਪਾਸੇ ਮੌਤ ਦਾ ਮੌਸਮ ਮੰਡਰਾ ਰਿਹਾ ਸੀ। ਲੋਕ ਘਰੋਂ ਬੇਘਰ ਹੋ ਰਹੇ ਸਨ। ਕਿਸੇ ਬੰਨੇ ਅਮਰੀਕਾ ਦੀਆਂ ਤਬਾਹਕੁੰਨ ਮਿਸਲਾਂ ਤੇ ਹੋਰ ਮਾਰੂ ਸ਼ਸਤਰ ਕਿਧਰੇ ਸੁਨਾਮੀ ਅਤੇ ਕਿਧਰੇ ਭੂਚਾਲ ਆਪੋ ਆਪਣਾ ਰੰਗ ਵਿਖਾ ਰਹੇ ਸਨ। ਇਨ੍ਹਾਂ ਸਮਿਆਂ ਵਿੱਚ ਰਵਿੰਦਰ ਰਵੀ ਨੂੰ

ਵੀ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਸੀ। ਉਸਦੇ ਸਰੀਰ ਨਾਲ ਵੀ ਕਾਫੀ ਟੁੱਟ ਭੱਜ ਹੋਈ। ਇਹੋ ਜਿਹੇ ਅਨਿਸ਼ਚਿਤ ਮਾਹੌਲ ਵਿੱਚ ਹੀ ਇਸ ਸੰਗ੍ਰਹਿ ਦੀ ਰਚਨਾ ਹੋਈ। ਇਸ ਦੀਆਂ ਬਹੁਗਿਣਤੀ ਕਵਿਤਾਵਾਂ ਕਵੀ ਦੇ ਪਰਪੱਕ ਜੀਵਨ ਅਨੁਭਵ ਦਾ ਜਿਉਂਦਾ ਜਾਗਦਾ ਪ੍ਰਮਾਣ ਹਨ :

ਜਿਸਮ ਨਾਲ ਹੌਲੀ ਹੌਲੀ
ਇੱਛਾ ਵੀ ਅਸਤ ਹੋ ਰਹੀ ਹੈ।[41]

**ਬਾਜ਼ ਦੀ ਨਜ਼ਰ** ਰਵਿੰਦਰ ਰਵੀ ਦਾ ਅਠਾਰਵਾਂ ਅਤੇ ਆਖਰੀ ਕਾਵਿ ਸੰਗ੍ਰਹਿ ਹੈ। ਇਸ ਵਿੱਚ ਰਵੀ ਨੇ ਪੂਰੇ ਵਿਸ਼ਵ ਵਿੱਚ ਆਈ ਮੰਦਹਾਲੀ ਦੀ ਗੱਲ ਕੀਤੀ ਹੈ। ਰਵੀ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਕਿਵੇਂ ਸਟਾਕ ਮਾਰਕਿਟਾਂ ਡਿੱਗੀਆਂ ਅਤੇ ਕਰੰਸੀ ਦਰਾਂ ਵਿੱਚ ਉਤਾਰ ਚੜਾਅ ਆਏ। ਜਿਸ ਨਾਲ ਵੱਡੀਆਂ ਵੱਡੀਆਂ ਕੰਪਨੀਆਂ ਦੇ ਦਿਵਾਲੇ ਨਿਕਲ ਗਏ ਅਤੇ ਲੱਖਾਂ ਲੋਕ ਬੇਘਰ ਹੋ ਗਏ। ਰਵੀ ਨੇ ਇਸ ਸੰਗ੍ਰਹਿ ਵਿੱਚ ਇਹ ਵੀ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਪ੍ਰਦੂਸ਼ਣ ਅਤੇ ਗਲੋਬਲ ਵਾਰਮਿੰਗ ਵਰਗੀਆਂ ਬੀਮਾਰੀਆਂ ਕਿਵੇਂ ਸਾਡੇ ਵਾਤਾਵਰਨ ਨੂੰ ਚਿਪਕੀਆਂ ਹੋਈਆਂ ਹਨ। ਇਸ ਤੋਂ ਇਲਾਵਾ ਦਹਿਸ਼ਤਗਰਦੀ, ਬੇਘਰਿਆਂ ਦੀ ਸਮੱਸਿਆ, ਤਸਕਰੀ, ਰਿਸ਼ਵਤ, ਗਰੀਬੀ, ਭ੍ਰਿਸ਼ਟਾਚਾਰ ਆਦਿ ਗੰਭੀਰ ਮਸਲਿਆਂ ਦਾ ਪ੍ਰਭਾਵ ਕਿਵੇਂ ਇਨਸਾਨ ਦੀ ਹੋਂਦ ਨੂੰ ਖਤਮ ਕਰਦਾ ਜਾ ਰਿਹਾ ਹੈ ਇਸ ਸਭ ਦਾ ਜ਼ਿਕਰ ਰਵੀ ਆਪਣੇ ਇਸ ਨਵੇਂ ਸੰਗ੍ਰਹਿ ਵਿੱਚ ਕਰਦਾ ਹੈ।

ਆਧੁਨਿਕ ਮਨੁੱਖ ਦੀ ਪਦਾਰਥਕ ਸੋਚ ਨੂੰ ਰਵੀ ਦੀ ਕਾਵਿ ਰਚਨਾ ਵਿੱਚ ਵਿਸ਼ੇਸ਼ ਸਥਾਨ ਹਾਸਲ ਹੈ। ਮਨੁੱਖ ਨੇ ਜਿਹੜੀਆਂ ਕਾਢਾਂ ਆਪਣੇ ਸੁੱਖ ਲਈ ਕੱਢੀਆਂ ਸਨ ਅੱਜ ਉਹ ਉਨ੍ਹਾਂ ਦਾ ਹੀ ਸ਼ਿਕਾਰ ਹੋ ਗਿਆ ਹੈ।ਰਵਿੰਦਰ ਰਵੀ ਨੇ ਆਪਣੇ ਅਠਾਰ੍ਹਾਂ ਕਾਵਿ ਸੰਗ੍ਰਹਿਆਂ ਵਿੱਚ ਇਨ੍ਹਾਂ ਵੱਖ-ਵੱਖ ਵਿਸ਼ਿਆਂ ਨੂੰ ਹੀ ਛੋਹਿਆ ਹੈ। ਜਿਨ੍ਹਾਂ ਵਿੱਚ ਉਸ ਦੀ ਸੁਹਜ ਸੰਵੇਦਨਾ ਅਤੇ ਪ੍ਰਤੱਖਣ ਸ਼ਕਤੀ ਦੇ ਵੱਖ-ਵੱਖ ਪਾਸਾਰ ਨਜ਼ਰ ਆਉਂਦੇ ਹਨ।

ਰਵਿੰਦਰ ਰਵੀ ਇੱਕ ਸਮਰੱਥ ਕਵੀ ਹੋਣ ਦੇ ਨਾਲ-ਨਾਲ ਇੱਕ ਕਹਾਣੀਕਾਰ ਹੈ। ਪਿਛਲੇ ਪੰਜ ਦਹਾਕਿਆਂ ਵਿੱਚ ਉਸ ਨੇ ਕਾਫੀ ਕਹਾਣੀਆਂ ਵੀ ਰਚੀਆਂ।ਉਸਦੇ ਕਾਵਿ ਸਫ਼ਰ ਦੇ ਨਾਲ ਹੀ ਉਸਦੇ ਕਹਾਣੀ ਸਫ਼ਰ ਦੀ ਸ਼ੁਰੂਆਤ ਵੀ ਹੋ ਗਈ ਸੀ। ਹੁਣ ਤੱਕ ਰਵੀ ਨੌਂ ਕਹਾਣੀ ਸੰਗ੍ਰਹਿਆਂ : 'ਚਰਾਵੀ' (1963), 'ਜੁਰਮ ਦੇ ਪਾਤਰ' (1968), 'ਸ਼ਹਿਰ ਵਿੱਚ ਜੰਗਲ' (1969), 'ਕੋਨ ਪ੍ਰਤਿਕੋਨ' (1971), 'ਮੈਲੀ ਪੁਸਤਕ' (1973), 'ਜਿੱਥੇ ਦੀਵਾਰਾਂ ਨਹੀਂ' (1978), 'ਕੰਪਿਊਟਰ ਕਲਚਰ' (1985), 'ਆਪਣੇ-ਆਪਣੇ ਟਾਪੂ (1992)' 'ਗੋਰੀਆਂ ਸ਼ਹੀਦੀਆਂ' (2010) ਦੀ ਰਚਨਾ ਕਰ ਚੁੱਕਾ ਹੈ।

ਰਵਿੰਦਰ ਰਵੀ ਦੇ ਕਹਾਣੀ ਸੰਗ੍ਰਹਿ **ਚਰਾਵੀ** ਅਤੇ **ਜੁਰਮ ਦੇ ਪਾਤਰ** ਉਸਦੀ ਕਹਾਣੀ ਰਚਨਾ ਦੇ ਮੁੱਢਲੇ ਸੰਗ੍ਰਹਿ ਹਨ। ਇਨ੍ਹਾਂ ਕਹਾਣੀਆਂ ਦੇ ਵਿਸ਼ੇ ਰਵਿੰਦਰ ਰਵੀ ਦੇ ਭਾਰਤੀ/ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਅਨੁਭਵ ਦੀ ਪੇਸ਼ਕਾਰੀ ਕਰਦੇ ਹਨ। ਇਨ੍ਹਾਂ ਕਹਾਣੀਆਂ ਵਿੱਚ ਇੱਕ ਅਜਿਹੇ ਸੰਵੇਦਨਸ਼ੀਲ ਵਿਅਕਤੀ ਦੀ ਆਤਮਾ ਦੇ ਦਰਸ਼ਨ ਹੁੰਦੇ ਹਨ ਜੋ ਆਰਥਿਕ ਤੰਗੀਆਂ ਵਿੱਚ ਘਿਰ ਕੇ ਆਪਣੇ ਸੁਪਨੇ ਅਤੇ ਸੱਧਰਾਂ ਲੁਟਾ ਬੈਠਾ ਹੈ। ਉਸਦਾ ਮੋਹ ਭੰਗ ਹੋ ਚੁੱਕਾ ਹੈ ਅਤੇ ਜੀਵਨ ਨਾਲੋਂ ਉਸਦਾ ਲਗਾਓ ਟੁੱਟਦਾ ਜਾ ਰਿਹਾ ਹੈ।

ਸਮੁੱਚੇ ਤਾਣੇ ਬਾਣੇ ਨੂੰ ਜੋੜੀ ਰੱਖਣ ਵਿੱਚ ਆਰਥਿਕ ਪੱਖ ਦੀ ਬਹੁਤ ਮਹੱਤਤਾ ਹੁੰਦੀ ਹੈ। ਆਰਥਿਕ ਪੱਖ ਦੀ ਖੁਸ਼ਹਾਲੀ ਬਿਨਾਂ ਮਨੁੱਖੀ ਜੀਵਨ ਤਨਾਓ ਅਤੇ ਪਰੇਸ਼ਾਨੀ ਵਿੱਚ ਘਿਰਿਆ ਰਹਿੰਦਾ ਹੈ। 'ਪਾਸਪੋਰਟ' ਕਹਾਣੀ ਵਿੱਚ ਆਪਣੇ ਮੁਲਕ ਦੀ ਆਰਥਿਕਤਾ ਬਾਰੇ ਰਵੀ ਇਹੀ ਕੁਝ ਕਹਿਣ ਦੀ ਕੋਸ਼ਿਸ ਕਰਦਾ ਹੈ :

> ਏਸ ਆਜ਼ਾਦੀ ਨੇ ਸਾਡੇ ਮੁਲਕ ਨੂੰ ਸਗੋਂ ਹੋਰ ਵੀ ਲਾਚਾਰ
> ਬਣਾ ਕੇ ਰੱਖ ਦਿੱਤਾ ਸੀ। ਮਹਿੰਗਾਈ ਵਧ ਗਈ ਸੀ।[42]

ਰਵਿੰਦਰ ਰਵੀ ਦੀਆਂ ਇਨ੍ਹਾਂ ਕਹਾਣੀਆਂ ਵਿੱਚ ਮਨੁੱਖੀ ਮਨ ਦੀਆਂ ਵੱਖ-ਵੱਖ ਪਰਤਾਂ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਇਨਸਾਨ ਮਾਨਸਿਕ ਤ੍ਰਿਪਤੀ ਲਈ ਸਾਰੇ ਰਿਸ਼ਤਿਆਂ ਨੂੰ ਦਾਅ ਤੇ ਲਾ ਦੇਣੋ ਵੀ ਸੰਕੋਚ ਨਹੀਂ ਕਰਦਾ ਅਤੇ ਆਪਣੇ ਮਨ ਦੀ ਸ਼ਾਂਤੀ ਲਈ ਉਹ ਦੂਸਰੇ ਨੂੰ ਹਾਨੀ ਵੀ ਪਹੁੰਚਾ ਸਕਦਾ ਹੈ।

**ਸ਼ਹਿਰ ਵਿੱਚ ਜੰਗਲ** ਰਵਿੰਦਰ ਰਵੀ ਦਾ ਤੀਸਰਾ ਕਹਾਣੀ ਸੰਗ੍ਰਹਿ ਹੈ। ਇੱਥੇ ਪਹੁੰਚ ਕੇ ਰਵੀ ਦੀਆਂ ਕਹਾਣੀਆਂ ਦਾ ਦੂਜਾ ਦੌਰ ਸ਼ੁਰੂ ਹੋ ਜਾਂਦਾ ਹੈ। ਇਸ ਸੰਗ੍ਰਹਿ ਦੀ ਸ਼ੁਰੂਆਤ ਰਵੀ ਦੇ ਪਰਵਾਸ ਧਾਰਨ ਤੋਂ ਬਾਅਦ ਹੋਈ। ਜਿੱਥੇ ਉਸ ਦੇ ਨਾਲ ਦੇ ਪਰਵਾਸੀ ਕਹਾਣੀਕਾਰਾਂ ਨੇ ਓਪਰੀ ਧਰਤੀ ਦੇ ਦੁੱਖ, ਮਾਤ ਭੂਮੀ ਨਾਲ ਮੋਹ ਅਤੇ ਘਰ ਨਾ ਮੁੜਨ ਦੀ ਮਜ਼ਬੂਰੀ ਨੂੰ ਵਿਸ਼ਾ ਬਣਾਇਆ ਹੈ, ਉੱਥੇ ਰਵਿੰਦਰ ਰਵੀ ਨੇ ਅਜਿਹੀਆਂ ਸਥਿਤੀਆਂ ਨੂੰ ਸਥਾਈ ਤੌਰ ਤੇ ਆਵਾਸ ਲਈ ਮਨੋਵਿਗਿਆਨਕ ਪੱਧਰ ਤੇ ਪਰਵਾਨ ਕਰਕੇ, ਉੱਥੋਂ ਦੀਆਂ ਵਿਭਿੰਨ ਸਮੱਸਿਆਵਾਂ ਨਾਲ ਜੁੜਦੇ ਹੋਏ ਅਤੇ ਯਥਾਰਥ ਦੇ ਧਰਾਤਲ ਤੇ ਉਨ੍ਹਾਂ ਦੇ ਸਮਾਧਾਨ ਲਈ ਇੱਕ ਦਾਰਸ਼ਨਿਕ ਪਹੁੰਚ ਅਪਣਾਈ ਹੈ।

ਇਸ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਦੇ ਵਿਸ਼ੇ ਪਰਵਾਸੀ ਚੇਤਨਾ ਦੀ ਪੇਸ਼ਕਾਰੀ ਕਰਦੇ ਹਨ। ਪਰਵਾਸ ਧਾਰਨ ਦਾ ਮੁੱਖ ਕਾਰਨ ਆਰਥਿਕ ਸੁਖਾਲਾਪਨ ਹੈ। ਆਪਣਾ ਵਤਨ ਛੱਡਣ ਦੀ ਮਜ਼ਬੂਰੀ ਨੂੰ ਉਹ ਇੰਜ ਬਿਆਨਦਾ ਹੈ :

> "ਮੈਂ ਸੋਚ ਰਿਹਾ ਸਾਂ ਕਿ ਆਖਿਰ ਇਹ ਜੱਦੋ-ਜਹਿਦ ਕਦੇ ਖਤਮ ਵੀ ਹੋਵੇਗੀ? ਇਹ ਮ੍ਰਿਗ ਤ੍ਰਿਸ਼ਨਾ ਮੈਨੂੰ ਕਿੱਥੇ-ਕਿੱਥੇ ਭਟਕਾਈ ਫਿਰੇਗੀ? ਆਪਣੇ ਦੇਸ਼ ਵਿੱਚ ਅੱਧ-ਭੁੱਖਿਆਂ ਰਹਿ ਕੇ

ਵੀ, ਭੁੱਖ ਨਾਲ ਘੁਲਦਿਆਂ, ਮੈਂ ਹਾਰ ਨਹੀਂ ਮੰਨੀ। ਅੰਤਿਮ ਛਿਣ ਤੱਕ ਲੜਿਆ ਸਾਂ ਤੇ ਹੁਣ ਹਿੰਦੁਸਤਾਨ ਦੀ ਇਸੇ ਭੁੱਖ ਦੀ ਲੜਾਈ ਅਫ਼ਰੀਕਾ ਦੀ ਧਰਤੀ ਉੱਤੇ ਲੜਨ ਜਾ ਰਿਹਾ ਸਾਂ।"[43]

ਪਰਾਈ ਧਰਤੀ ਤੇ ਵਸਦਾ ਮਨੁੱਖ ਆਰਥਿਕ ਤੌਰ ਤੇ ਤਾਂ ਖੁਸ਼ਹਾਲ ਹੋ ਜਾਂਦਾ ਹੈ ਪਰ ਆਪਣੇ ਵਤਨ ਤੋਂ ਦੂਰ ਜਦੋਂ ਉਹ ਇਕੱਲਾ ਹੁੰਦਾ ਹੈ ਤਾਂ ਉਹ ਪੱਛਮੀ ਸਭਿਆਚਾਰ ਵਿੱਚ ਧੱਸਦਾ ਜਾਂਦਾ ਹੈ। ਉਹ ਮਾਨਸਿਕ ਤ੍ਰਿਪਤੀ ਲਈ ਕਾਮੁਕ ਸੁਤੰਤਰਤਾ ਮਾਨਣ ਦੀ ਇੱਛਾ ਹੀ ਨਹੀਂ ਰੱਖਦਾ, ਸਗੋਂ ਇਸ ਦੀ ਹਰ ਹੀਲੇ ਪ੍ਰਾਪਤੀ ਵੀ ਕਰਦਾ ਹੈ ਅਤੇ ਇਸ ਪ੍ਰਕਿਰਿਆ ਵਿੱਚ ਉਸ ਨੂੰ ਕਈ ਤਰ੍ਹਾਂ ਦੇ ਅਨੁਭਵ ਵੀ ਹੰਢਾਉਣੇ ਪੈਂਦੇ ਹਨ। ਇਸ ਤਰ੍ਹਾਂ ਇਸ ਸੰਗ੍ਰਹਿ ਵਿੱਚ ਰਵੀ ਨੇ ਇਕੱਲਤਾ ਦਾ ਸੰਤਾਪ ਭੋਗਦੇ ਮਨੁੱਖ ਨੂੰ ਯਥਾਰਥਕ ਰੂਪ ਵਿੱਚ ਪੇਸ਼ ਕਰਕੇ ਪਰਵਾਸੀਆਂ ਦੀ ਅਸਲ ਮਨੋ-ਸਥਿਤੀ ਨੂੰ ਪੇਸ਼ ਕੀਤਾ ਹੈ।

ਸਮੇਂ ਦੀ ਚਾਲ ਨਾਲ ਰਵਿੰਦਰ ਰਵੀ ਦੀਆਂ ਕਹਾਣੀਆਂ ਦੇ ਪਰਿਵੇਸ਼ ਵੀ ਬਦਲ ਗਏ ਹਨ। ਜਿੱਥੇ ਉਸ ਦੁਆਰਾ ਰਚਿਤ ਪਹਿਲੇ ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਦੇ ਪਰਿਵੇਸ਼ ਸਰਲ ਸਨ ਅਤੇ ਸਭ ਕੁਝ ਆਸਾਨੀ ਨਾਲ ਸਮਝ ਅਤੇ ਸਪਸ਼ਟ ਹੋ ਜਾਂਦਾ ਸੀ, ਉੱਥੇ ਇਸ ਦੌਰ ਦੀਆਂ ਕਹਾਣੀਆਂ ਉਸ ਯਥਾਰਥ ਦੀਆਂ ਕਹਾਣੀਆਂ ਹਨ ਜਿਸਨੂੰ ਆਸਾਨੀ ਨਾਲ ਸਮਝਣਾ ਮੁਸ਼ਕਿਲ ਹੈ। ਹਰ ਕਹਾਣੀ ਵਿਚਲੇ ਥੀਮ ਨੂੰ ਬੜੀ ਨੀਝ ਨਾਲ ਨਿਖੇੜਨਾ ਪੈਂਦਾ ਹੈ।

ਇਸ ਕਹਾਣੀ ਸੰਗ੍ਰਹਿ ਵਿੱਚ ਕਹਾਣੀਕਾਰ ਨੇ ਕੀਨੀਆ (ਅਫ਼ਰੀਕਾ) ਵਿੱਚ ਰਹਿੰਦੇ ਪੰਜਾਬੀਆਂ ਦੀਆਂ ਸਮਾਜਿਕ, ਆਰਥਿਕ ਅਤੇ ਸਭਿਆਚਾਰਿਕ ਸਥਿਤੀਆਂ ਨੂੰ ਅਨੇਕ ਧਰਾਤਲਾਂ ਤੇ ਪੇਸ਼ ਕੀਤਾ ਹੈ। ਬਹੁਤੀਆਂ ਕਹਾਣੀਆਂ ਵਿੱਚ ਮਨੁੱਖੀ ਮਨ ਦੀਆਂ ਅੰਦਰਲੀਆਂ ਪਰਤਾਂ ਨੂੰ ਫਰੋਲਿਆ ਗਿਆ ਹੈ। ਇਸਤਰੀ ਮਰਦ ਦੇ ਜਿਨਸੀ ਸੰਬੰਧਾਂ ਦੀ ਪੇਸ਼ਕਾਰੀ ਵੀ ਇਸ ਸੰਗ੍ਰਹਿ ਵਿੱਚ ਹੋਈ ਹੈ। ਇਸ ਤੋਂ ਇਲਾਵਾ ਸਾਡੇ ਪੰਜਾਬੀ ਜੀਵਨ ਦੇ ਕਠੋਰ ਦੁਖਾਂਤ ਨੂੰ ਵੀ ਪੇਸ਼ ਕੀਤਾ ਗਿਆ ਹੈ ਕਿ ਕਿਵੇਂ ਪੰਜਾਬ ਦੀਆਂ ਅਨੇਕਾਂ ਮੁਟਿਆਰਾਂ ਨੂੰ ਉਹਨਾਂ ਦੇ ਮਾਪੇ ਪੱਛਮੀ ਸਭਿਆਚਾਰ ਦੀ ਚਮਕ ਦਮਕ ਦੇ ਅਸਰ ਹੇਠ ਬਿਨਾਂ ਕਿਸੇ ਸੋਚ ਸਮਝ ਅਤੇ ਬਿਨਾਂ ਹਾਣ ਦੇਖਿਆਂ ਕੈਨੇਡਾ, ਅਮਰੀਕਾ, ਇੰਗਲੈਂਡ ਆਦਿ ਦੇਸ਼ਾਂ ਤੋਂ ਆਏ ਵੱਡੀ ਉਮਰ ਦੇ ਆਦਮੀਆਂ ਨਾਲ ਵਿਆਹ ਦਿੰਦੇ ਹਨ ਅਤੇ ਅੱਖਾਂ ਤੋਂ ਪਰੋਖੇ ਉਹਨਾਂ ਨੂੰ ਬਹੁਤ ਹੀ ਘਿਨਾਉਣੇ ਹਾਲਾਤ ਵਿੱਚ ਧੱਕਾ ਦੇ ਦਿੰਦੇ ਹਨ। ਇਸੇ ਚਮਕ ਦਮਕ ਹੇਠ ਅਨੇਕਾਂ ਹੀ ਜਵਾਨੀਆਂ ਬਰਬਾਦ ਹੋ ਜਾਂਦੀਆਂ ਹਨ।

ਇਸ ਤੋਂ ਇਲਾਵਾ ਕਿਧਰੇ-ਕਿਧਰੇ ਭੂ-ਹੇਰਵੇ ਦੀ ਧੀਮੀ ਜਿਹੀ ਸੁਰ ਵੀ ਕਹਾਣੀਆਂ ਦਾ ਵਿਸ਼ਾ ਬਣਦੀ ਹੈ। ਭਾਵੇਂ ਕਿ ਰਵਿੰਦਰ ਰਵੀ ਨੇ ਭੂ-ਹੇਰਵੇ ਨੂੰ ਆਪਣੀਆਂ ਕਹਾਣੀਆਂ ਦੀ ਪ੍ਰਭਾਵੀ ਸੁਰ ਨਹੀਂ ਬਣਾਇਆ।

ਪਰਵਾਸ ਹੰਢਾਉਣ ਦੀ ਮਜ਼ਬੂਰੀ ਨੂੰ ਉਸਦੇ ਪਾਤਰ ਖਿੜੇ ਮੱਥੇ ਪਰਵਾਨ ਕਰ ਲੈਂਦੇ ਹਨ। ਇਸ ਸੰਦਰਭ ਵਿੱਚ ਉਸਦੀ 'ਵਿਅਕਤੀ ਬਨਾਮ ਕੌਮ' ਕਹਾਣੀ ਦੀਆਂ ਨਿਮਨਲਿਖਤ ਸਤਰਾਂ ਉਧਰਿਤ ਕੀਤੀਆਂ ਜਾ ਸਕਦੀਆਂ ਹਨ :

> "ਪਹਿਲਾਂ-ਪਹਿਲ ਉਸ ਨੂੰ ਭੈ ਦੇ ਨਾਲ ਹੀ ਜੜ-ਹੀਣਤਾ ਦਾ ਅਹਿਸਾਸ ਵੀ ਹੋਇਆ ਸੀ, ਪਰ ਹੁਣ ਹੌਲੀ-ਹੌਲੀ ਉਸਦੀ ਸੰਗਤ ਦਾ ਸਰਕਲ ਵਡੇਰਾ ਹੋ ਰਿਹਾ ਸੀ।..... ਉਹ ਹੁਣ ਕੱਲਾ-ਕੱਲਾ ਸੱਖਣਾ-ਸੱਖਣਾ ਨਹੀਂ ਸੀ ਰਿਹਾ। ਉਸਦਾ ਘਰ ਜਿਸ ਨੂੰ ਉਹ ਪਹਿਲਾ ਮਕਾਨ ਕਹਿ ਕੇ ਆਪਣੇ ਦੇਸ਼, ਆਪਣੇ ਘਰ ਦੇ ਵਿਛੋੜੇ ਦਾ ਦਰਦ ਅਨੁਭਵ ਕਰਿਆ ਕਰਦਾ ਸੀ- ਹੁਣ ਬਿਲਕੁਲ ਘਰ ਜਾਪਣ ਲੱਗ ਪਿਆ ਸੀ।...... ਹੁਣ ਉਹ ਮਹਿਸੂਸ ਕਰਦਾ ਸੀ ਕਿ ਘਰ ਤੇ ਦੇਸ਼ ਦੇ ਸੰਕਲਪ ਅਤੇ ਅਰਥ, ਸ਼ਬਦਾਂ, ਮਕਾਨ ਜਾਂ ਧਰਤੀ ਵਿੱਚ ਨਹੀਂ ਸਗੋਂ ਮਨੁੱਖ ਦੇ ਆਪਣੇ ਅੰਦਰ ਵਸਦੇ ਹਨ।"[44]

**ਮੈਲੀ ਪੁਸਤਕ** ਰਵਿੰਦਰ ਰਵੀ ਦਾ ਪੰਜਵਾਂ ਕਹਾਣੀ ਸੰਗ੍ਰਹਿ ਹੈ। ਇੱਥੇ ਆ ਕੇ ਉਸਦੇ ਕਹਾਣੀ ਸਫ਼ਰ ਦਾ ਦੂਜਾ ਦੌਰ ਖਤਮ ਹੁੰਦਾ ਹੈ। ਇਨ੍ਹਾਂ ਕਹਾਣੀਆਂ ਵਿੱਚ ਰਵਿੰਦਰ ਰਵੀ ਆਰਥਿਕ, ਸਮਾਜਿਕ, ਨਸਲੀ ਵਿਤਕਰੇ ਵਰਗੀਆਂ ਸਮੱਸਿਆਵਾਂ ਨੂੰ ਮੁੱਖ ਕਾਰਨ ਨਹੀਂ ਬਣਾਉਂਦਾ ਬਲਕਿ ਇਨ੍ਹਾਂ ਦਾ ਹਵਾਲਾ ਦੇ ਕੇ ਅੱਗੇ ਤੁਰ ਪੈਂਦਾ ਹੈ। ਇਸ ਦੌਰ ਦੀਆਂ ਕਹਾਣੀਆਂ ਵਿੱਚ ਆਸ਼ਾ-ਨਿਰਾਸ਼ਾ, ਪ੍ਰਾਪਤੀ-ਅਪ੍ਰਾਪਤੀ ਅਤੇ ਪੂਰਨ-ਅਪੂਰਨ ਦਰਮਿਆਨ ਤਣਾਓ ਸਿਰਜਿਆ ਗਿਆ ਹੈ। ਇਹ ਤਣਾਓ ਮਨੁੱਖੀ ਜ਼ਿੰਦਗੀ ਦਾ ਅਹਿਮ ਅੰਗ ਹੈ ਅਤੇ ਰਵਿੰਦਰ ਰਵੀ ਨੇ ਬਿਨਾਂ ਕੋਈ ਉਪਭਾਵੁਕਤਾ ਦਿਖਾਉਂਦਿਆਂ ਜ਼ਿੰਦਗੀ ਦੇ ਸੱਚ ਨੂੰ ਪਾਠਕਾਂ ਸਾਹਮਣੇ ਰੱਖਿਆ ਹੈ। 'ਕੋਨ ਪ੍ਰਤਿਕੋਨ' ਅਤੇ 'ਸ਼ਹਿਰ ਵਿੱਚ ਜੰਗਲ' ਕਹਾਣੀ ਸੰਗ੍ਰਹਿ ਵਾਂਗ ਇਸ ਸੰਗ੍ਰਹਿ ਵਿੱਚ ਵੀ ਰਵੀ ਨੇ ਮਨੁੱਖ ਦੀ ਖਾਸ ਤੌਰ ਤੇ ਪਰਵਾਸੀ ਮਨੁੱਖ ਦੀ ਆਰਥਿਕ, ਸਮਾਜਿਕ, ਧਾਰਮਿਕ ਅਤੇ ਮਾਨਸਿਕ ਸਥਿਤੀ ਦਾ ਪ੍ਰਗਟਾ ਕੀਤਾ ਹੈ। ਘਰੋਂ ਬੇਘਰ ਹੋਏ, ਦੇਸ਼ੋਂ ਵਿਦੇਸ਼ ਖਾਕ ਛਾਣਦੇ ਮਨੁੱਖ ਵਿਭਿੰਨ ਸਮੱਸਿਆਵਾਂ ਅਤੇ ਕੌੜੀਆਂ ਹਕੀਕਤਾਂ ਨਾਲ ਦੋ ਚਾਰ ਹੁੰਦੇ ਹਨ। ਪਰਵਾਸੀ ਬੰਦੇ ਦੀ ਦੇਸ਼ ਛੱਡਣ ਦੀ ਮਜ਼ਬੂਰੀ ਦੀ ਪੇਸ਼ਕਾਰੀ ਰਵੀ ਨੇ ਆਪਣੀਆਂ ਬਹੁਤ ਸਾਰੀਆਂ ਕਹਾਣੀਆਂ ਵਿੱਚ ਪੇਸ਼ ਕੀਤੀ ਹੈ। ਇਸ ਪ੍ਰਸੰਗ ਵਿੱਚ 'ਹਾਥੀ ਦੇ ਦੰਦ' ਕਹਾਣੀ ਦਾ ਪਾਤਰ ਕਹਿੰਦਾ ਹੈ :

> "ਪੰਜ ਸਾਲ ਪਹਿਲਾਂ ਮੈਂ ਇਸੇ ਤਰ੍ਹਾਂ ਹੀ ਭਾਰਤ ਨੂੰ ਵਿਦਾ ਕਹਿ ਕੇ ਪੂਰਬੀ ਅਫ਼ਰੀਕਾ ਪਹੁੰਚਾ ਸਾਂ। ਆਪਣੇ ਦੇਸ਼ ਵਿੱਚ ਮੈਨੂੰ ਮੇਰਾ ਜੇ ਸਹੀ ਮੁੱਲ ਮਿਲਦਾ ਤਾਂ ਕੀ ਲੋੜ ਸੀ ਦੇਸ਼ ਛੱਡਣ ਦੀ।"[45]

ਇਸ ਤਰ੍ਹਾਂ ਇਹ ਕਹਾਣੀਆਂ ਪਰਵਾਸੀ ਮਨੁੱਖ ਦੇ ਉਦਰੇਵਿਆਂ ਦੇ ਨਾਲ-ਨਾਲ ਤਰਕਾਂ ਵਿਤਰਕਾਂ ਦਾ ਪ੍ਰਮਾਣ ਪ੍ਰਸਤੁਤ ਕਰਦੀਆਂ ਹਨ। ਆਧੁਨਿਕ ਮਨੁੱਖ ਦੀ ਜੜ੍ਹਹੀਣਤਾ ਅਤੇ ਦਿਸ਼ਾ ਰਹਿਤ ਹੋਣ ਦਾ ਅਹਿਸਾਸ ਇਨ੍ਹਾਂ ਕਹਾਣੀਆਂ ਦਾ ਆਧਾਰ ਬਣਦੇ ਹਨ।

**ਜਿੱਥੇ ਦੀਵਾਰਾਂ ਨਹੀਂ** ਰਵਿੰਦਰ ਰਵੀ ਦੀ ਇੱਕ ਵੱਖਰੀ ਵਿਧਾ ਦੀ ਪੁਸਤਕ ਹੈ, ਜਿਸ ਵਿੱਚ ਕਹਾਣੀਆਂ ਦੇ ਨਾਲ-ਨਾਲ ਕਾਵਿ ਕਥਾਵਾਂ ਅਤੇ ਗੱਦ ਕਥਾਵਾਂ ਸ਼ਾਮਲ ਹਨ। ਇਨ੍ਹਾਂ ਕਹਾਣੀਆਂ ਵਿੱਚ ਰਵੀ ਨੇ ਇੱਕ ਵੱਖਰੀ ਵਿਧੀ ਦਾ ਅਨੁਭਵ ਪੇਸ਼ ਕੀਤਾ ਹੈ। ਇਸ ਕਹਾਣੀ ਸੰਗ੍ਰਹਿ ਵਿੱਚ ਰਵੀ ਨੇ ਵਿਦੇਸ਼ ਦੀਆਂ ਜਮਾਇਕੀ ਤੇ ਗੋਰੀ ਨਸਲ ਦੀਆਂ ਕੁੜੀਆਂ ਨਾਲ ਬਿਤਾਏ ਪਲਾਂ ਨੂੰ ਭਾਵਵਾਚਕ ਸ਼ੈਲੀ ਵਿੱਚ ਪੇਸ਼ ਕੀਤਾ ਹੈ। ਇਨ੍ਹਾਂ ਕਹਾਣੀਆਂ ਵਿੱਚ ਇਸਤਰੀ ਮਰਦ ਸੰਬੰਧਾਂ ਦਾ ਨਿਰਸੰਕੋਚ ਵਰਣਨ ਹੋਇਆ ਮਿਲਦਾ ਹੈ। ਇਹ ਸੰਗ੍ਰਹਿ ਕੈਨੇਡਾ ਵਿੱਚ ਰਚਿਆ ਹੋਣ ਕਰਕੇ ਇਨ੍ਹਾਂ ਵਿੱਚ ਲੇਖਕ ਗੋਰੀ ਨਸਲ ਦੀਆਂ ਤੀਵੀਆਂ, ਜੋ ਭਾਰਤੀ ਪੁਰਖਾਂ ਨਾਲ ਇੱਕ ਮਿਕ ਹੁੰਦੀਆਂ ਹਨ, ਦੇ ਸੰਬੰਧਾਂ ਰਾਹੀਂ ਜੀਵਨ ਦੀ ਵੱਖਰੀ ਸੱਚਾਈ ਦੀ ਥਾਹ ਪਾਉਣ ਦੀ ਕੋਸ਼ਿਸ਼ ਕਰਦਾ ਹੈ।

**ਕੰਪਿਊਟਰ ਕਲਚਰ** ਰਵੀ ਦਾ ਸੱਤਵਾਂ ਕਾਵਿ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿੱਚ ਕਹਾਣੀਆਂ ਦੇ ਨਾਲ-ਨਾਲ ਕਵਿਤਾਵਾਂ ਅਤੇ ਰਵਿੰਦਰ ਰਵੀ ਦੇ ਆਪਣੀ ਰਚਨਾ ਬਾਰੇ ਕੁਝ ਸਵੈਕਥਨ ਅਤੇ ਇੱਕ ਅੱਧ ਰੇਖਾਚਿੱਤਰ ਵੀ ਸ਼ਾਮਲ ਹਨ। ਇਸ ਵਿੱਚ ਕੈਨੇਡਾ ਦੀ ਅਹਿਸਾਸੋਂ ਸੱਖਣੀ ਜ਼ਿੰਦਗੀ ਦੀ ਪੇਸ਼ਕਾਰੀ ਹੈ ਜਿਸ ਵਿੱਚ ਹਰ ਇੱਕ ਮਨੁੱਖ ਰੋਬੋਟ ਵਾਂਗ ਮਸ਼ੀਨੀਕਰਨ ਵਿੱਚ ਬੱਝਾ ਹੋਇਆ ਹੈ। ਦੋ ਸਭਿਆਚਾਰਾਂ ਵਿੱਚ ਪਿਸਦੇ ਮਨੁੱਖ ਦੀ ਮਾਨਸਿਕਤਾ ਨੂੰ ਅਨੇਕਾਂ ਧਰਾਤਲਾਂ ਤੇ ਪੇਸ਼ ਕੀਤਾ ਗਿਆ ਹੈ। ਰਵੀ ਨੇ ਇਸ ਕਹਾਣੀ ਸੰਗ੍ਰਹਿ ਵਿੱਚ ਕਹਿਣਾ ਚਾਹਿਆ ਹੈ ਕਿ ਸੁੱਖ ਸੁਵਿਧਾਵਾਂ ਦੇਣ ਵਾਲੀਆਂ ਚੀਜ਼ਾਂ ਹੀ ਪਰਿਵਾਰਕ ਜੀਵਨ ਵਿੱਚ ਆ ਰਹੀਆਂ ਤਰੇੜਾਂ ਦਾ ਕਾਰਨ ਬਣਦੀਆਂ ਹਨ। ਰਵੀ ਇਹ ਵੀ ਦੱਸਣਾ ਚਾਹੁੰਦਾ ਹੈ ਕਿ ਮਨੁੱਖ ਆਪਣੇ ਸਮਾਜ ਤੋਂ ਇਸ ਕਦਰ ਦੂਰ ਹੋ ਗਿਆ ਹੈ ਕਿ ਉਹ ਆਪਣੇ ਆਪ ਨੂੰ ਦੂਸਰਿਆਂ ਤੱਕ ਜੋੜਨ ਲਈ ਸਿਰਫ ਲਿੰਗ ਸੰਬੰਧਾਂ ਦਾ ਸਹਾਰਾ ਹੀ ਲੈਂਦਾ ਹੈ। ਇਸ ਤਰ੍ਹਾਂ ਲੇਖਕ ਨੇ ਆਪਣੇ ਇਸ ਕਹਾਣੀ ਸੰਗ੍ਰਹਿ ਵਿੱਚ ਪੂੰਜੀਵਾਦੀ ਜੀਵਨ ਜਾਚ ਦੀ ਮਾਨਵਵਾਦੀ ਪੈਂਤੜੇ ਤੋਂ ਵਿਆਖਿਆ ਅਤੇ ਆਲੋਚਨਾ ਕੀਤੀ ਹੈ।

ਰਵਿੰਦਰ ਰਵੀ ਦੇ ਅਗਲੇ ਕਹਾਣੀ ਸੰਗ੍ਰਹਿ **ਆਪਣੇ-ਆਪਣੇ ਟਾਪੂ** ਦੀਆਂ ਬਹੁਤੀਆਂ ਕਹਾਣੀਆਂ ਵਿੱਚ ਲੇਖਕ ਨੇ ਪੱਛਮੀ ਸਭਿਅਤਾ ਵਿੱਚ ਆਪਣੇ ਅਨੁਭਵ ਦਾ ਬੇਬਾਕ ਪ੍ਰਗਟਾਵਾ ਕੀਤਾ ਹੈ। ਲਗਭਗ ਹਰ ਕਹਾਣੀ ਔਰਤ ਮਰਦ ਦੇ ਗੁੰਝਲਦਾਰ ਸੰਬੰਧਾਂ ਦੇ ਆਲੇ ਦੁਆਲੇ ਹੀ ਘੁੰਮਦੀ ਹੈ। ਇਸ ਵਿੱਚ ਜਿੱਥੇ ਇਸਤਰੀ ਪਾਤਰ ਮਰਦ ਦੇ ਸੰਗ ਦੀ ਲੋਚਾ ਦੇ ਨਾਲ ਨਾਲ ਆਪਣੀ ਨਿਵੇਕਲੀ ਮਾਨਵੀ ਹੋਂਦ ਦਾ ਪਰਿਚਯ ਦਿੰਦੇ ਹਨ, ਉੱਥੇ

ਨਾਲ ਹੀ ਮਰਦ ਦੀ ਇਹ ਤ੍ਰਾਸਦੀ ਹੈ ਕਿ ਇਸਤਰੀ ਉਸ ਦੀ ਨਿਜੀ ਮਾਲਕੀ ਹੈ, ਨੂੰ ਵੀ ਪੇਸ਼ ਕਰਦੇ ਹਨ । ਇਸ ਸੰਬੰਧ ਵਿੱਚ 'ਸੁਤੰਤਰਤਾ ਦੇ ਸਮਾਨੰਤਰ ਸਿਰੇ' ਕਹਾਣੀ ਵੇਖੀ ਜਾ ਸਕਦੀ ਜਿਸਦੀ ਨਾਇਕਾ ਕਹਿੰਦੀ ਹੈ :

> "ਤੂੰ ਇੰਝ ਕਰ, ਜਿੱਥੇ ਏਨਾ ਸਮਝੌਤਾ ਅੱਗੇ ਕੀਤਾ ਹੈ, ਇੱਕ ਹੋਰ ਕਰ। ਮੈਨੂੰ ਕਿਸੇ ਹੋਰ ਮਰਦ ਦੇ ਸੰਗ ਸਾਥ ਵਿੱਚੋਂ, ਤਿੰਨ ਨਹੀਂ, ਕੇਵਲ ਇੱਕ ਬੱਚਾ ਪੈਦਾ ਕਰ ਲੈਣ ਦੇ, ਫੇਰ ਅਸੀ ਦੋਵੇਂ ਬਰਾਬਰ ਹੋਵਾਂਗੇ।"[46]

**ਗੋਰੀਆਂ ਸ਼ਹੀਦੀਆਂ** ਰਵੀ ਦਾ ਨੌਂਵਾਂ ਕਹਾਣੀ ਸੰਗ੍ਰਹਿ ਹੈ। ਇਸ ਵਿੱਚ ਨੌਂ ਕਹਾਣੀਆਂ ਅਤੇ ਨੌਂ ਹੀ ਕਾਵਿ ਕਥਾਵਾਂ ਸ਼ਾਮਿਲ ਹਨ। ਇਸ ਸੰਗ੍ਰਹਿ ਦੀਆਂ ਕਹਾਣੀਆਂ ਦੇ ਨਾਲ ਰਵਿੰਦਰ ਰਵੀ ਨੇ 1955 ਵਿੱਚ ਸ਼ੁਰੂ ਕੀਤੀ ਆਪਣੀ ਕਥਾ ਯਾਤਰਾ ਦੇ 55 ਸਾਲ ਪੂਰੇ ਕਰ ਲਏ ਹਨ। ਇਸ ਸੰਗ੍ਰਹਿ ਵਿੱਚ ਰਵੀ ਨੇ ਆਪਣੇ ਪਿਛਲੇ ਸੰਗ੍ਰਹਿਆਂ ਦੀਆਂ ਕਹਾਣੀਆਂ ਹੀ ਸ਼ਾਮਲ ਕੀਤੀਆਂ ਹਨ । ਇਨ੍ਹਾਂ ਕਹਾਣੀਆਂ ਦੇ ਵਿਸ਼ੇ ਵੀ ਮਸ਼ੀਨੀਕਰਨ ਅਤੇ ਔਰਤ ਮਰਦ ਦੇ ਰਿਸ਼ਤਿਆਂ ਨਾਲ ਸੰਬੰਧਿਤ ਹਨ। ਇਹ ਕਹਾਣੀਆਂ ਰਵੀ ਨੇ ਥਾਂ-ਥਾਂ ਤੇ ਯਾਤਰਾ ਕਰਦੇ ਸਮੇਂ ਲਿਖੀਆਂ ਹਨ। ਇਨ੍ਹਾਂ ਦੇ ਪਾਤਰ ਅਤੇ ਮੁੱਦੇ, ਵੱਖ-ਵੱਖ ਭਾਸ਼ਕ, ਸਭਿਆਚਾਰਿਕ ਅਤੇ ਖੇਤਰੀ ਸਮੂਹਾਂ ਨਾਲ ਸੰਬੰਧਿਤ ਹਨ।

ਰਵਿੰਦਰ ਰਵੀ ਨੂੰ ਇੱਕ ਕਵੀ ਅਤੇ ਕਹਾਣੀਕਾਰ ਦੇ ਨਾਲ-ਨਾਲ ਇੱਕ ਕਾਵਿ ਨਾਟਕਕਾਰ ਦੇ ਤੌਰ ਤੇ ਵੀ ਪ੍ਰਸਿੱਧੀ ਮਿਲੀ ਹੈ। ਪੰਜਾਬੀ ਥਿਏਟਰ ਦੇ ਮੰਚ ਉੱਤੇ ਰਵਿੰਦਰ ਰਵੀ ਦੇ ਆਗਮਨ ਨਾਲ ਇੱਕ ਨਵੇਂ ਦੌਰ ਦਾ ਆਰੰਭ ਹੁੰਦਾ ਹੈ। ਇਸ ਤੋਂ ਪਹਿਲਾਂ ਪੰਜਾਬੀ ਵਿੱਚ ਕਾਵਿ ਨਾਟਕ ਬਹੁਤ ਘੱਟ ਲਿਖੇ ਗਏ, ਜਾਂ ਇੰਝ ਕਹਿ ਲਓ ਕਿ ਨਾ ਦੇ ਬਰਾਬਰ ਲਿਖੇ ਗਏ। ਕਾਵਿ ਨਾਟਕ ਲਿਖ ਕੇ ਰਵਿੰਦਰ ਰਵੀ ਨੇ ਪੰਜਾਬੀ ਸਾਹਿਤ ਵਿੱਚ ਇੱਕ ਨਵੀਂ ਪਿਰਤ ਪਾਈ ਹੈ।

ਰਵਿੰਦਰ ਰਵੀ ਨੇ ਹੁਣ ਤੱਕ ਨੌਂ ਕਾਵਿ ਨਾਟਕ ਲਿਖੇ ਹਨ। **ਬੀਮਾਰ ਸਦੀ** ਉਸ ਦਾ ਪਹਿਲਾ ਕਾਵਿ ਨਾਟਕ ਹੈ। ਇਹ ਕਾਵਿ ਨਾਟਕ ਅੱਜ ਦੇ ਮਸ਼ੀਨੀ ਯੁੱਗ ਵਿੱਚ ਵਿਚਰ ਰਹੇ ਮਨੁੱਖ ਦੀ ਜ਼ਿੰਦਗੀ ਦਾ ਸ਼ੀਸ਼ਾ ਹੈ। ਅੱਜ ਦੇ ਮਨੁੱਖ ਦੇ ਖੁਦ ਸਿਰਜੇ ਸੰਸਾਰ ਦੀਆਂ ਨਵੀਆਂ ਕਾਢਾਂ ਨੇ ਮਨੁੱਖ ਦੇ ਅੰਦਰ ਕਈ ਪ੍ਰਸ਼ਨ ਪੈਦਾ ਕਰ ਦਿੱਤੇ ਹਨ।ਅੱਜ ਦੇ ਮਨੁੱਖ ਦਾ ਮਸ਼ੀਨੀ ਹੋਣਾ, ਉਸਦਾ ਪੂਰਨ ਸੁਤੰਤਰਤਾ ਦੀ ਅਭਿਲਾਸ਼ਾ ਕਰਨਾ, ਹਿੰਸਾ, ਅਹਿੰਸਾ ਆਦਿ ਅਨੇਕ ਪੱਖਾਂ ਪ੍ਰਤੀ ਨਾਟਕਕਾਰ ਮਨੁੱਖ ਨੂੰ ਇਸ ਕਾਵਿ ਨਾਟਕ ਰਾਹੀਂ ਸੁਚੇਤ ਕਰਦਾ ਹੈ।

ਆਪਣੇ ਜੀਵਨ ਨੂੰ ਸਰਲ ਬਨਾਉਣ ਲਈ ਅੱਜ ਦਾ ਮਨੁੱਖ ਵਿਸ਼ਵੀ ਸ਼ਕਤੀਆਂ ਨਾਲ ਸੰਘਰਸ਼ ਕਰਦਾ ਇੱਕ ਉੱਨਤ ਵਿਗਿਆਨਕ ਯੁੱਗ ਵਿੱਚ ਪਹੁੰਚ ਗਿਆ ਹੈ ਅਤੇ ਹਰ ਕੰਮ ਨੂੰ ਛੇਤੀ ਖਤਮ ਕਰਨ ਦੀ ਇੱਛਾ

ਮਨੁੱਖ ਤੇ ਭਾਰੂ ਹੋ ਗਈ ਹੈ। ਜਿਸ ਕਾਰਨ ਮਸ਼ੀਨ ਦਾ ਸਿਰਜਕ ਮਨੁੱਖ ਖੁਦ ਇੱਕ ਮਸ਼ੀਨ ਬਣ ਕੇ ਰਹਿ ਗਿਆ ਹੈ:-

ਅਹਿਸਾਸਾਂ ਥਾਂ ਆਏ ਅੰਕੜੇ,
ਮਘਦੀ ਹਸਤੀ, ਬਣੀ ਮਸ਼ੀਨ।
ਕਲਪਨਾ ਤੇ ਆਜ਼ਾਦ ਖਿਆਲੀ,
ਤਹਿ ਦਰ ਤਹਿ, ਦਰਜਾ ਦਰ ਦਰਜਾ'
ਫਾਇਲਾਂ ਦੀ ਟਿੱਪਣੀ ਤੱਕ ਸੀਮਤ,
.................................
ਕਠੋਰ ਕਰੜੇ ਅੰਕੜੇ,
ਨਾ ਹੰਸੀ, ਨਾ ਮਜ਼ਾਕ,
ਨਾ ਜਜ਼ਬੇ, ਨਾ ਅੱਥਰੂ।[47]

ਮਸ਼ੀਨਾਂ ਦੇ ਵੱਧਦੇ ਪ੍ਰਭਾਵ ਨੇ ਮਨੁੱਖੀ ਆਦਰਸ਼ਾਂ ਦਾ ਨਾਮੋਂ ਨਿਸ਼ਾਨ ਮਿਟਾ ਦਿੱਤਾ ਹੈ। ਅੱਜ ਦਾ ਮਨੁੱਖ ਨਿਰਾਸ਼ਾ, ਬੇਗਾਨਗੀ , ਇਕਲਾਪਾ ਅਤੇ ਦਿਸ਼ਾਹੀਣਤਾ ਦਾ ਪ੍ਰਕੋਪ ਝੱਲ ਰਿਹਾ ਹੈ। ਇਹ ਕਾਵਿ ਨਾਟਕ ਆਧੁਨਿਕ ਮਨੁੱਖ ਦੀ ਇਸੇ ਮਸ਼ੀਨੀ ਜ਼ਿੰਦਗੀ ਨੂੰ ਬਾਖੂਬੀ ਪੇਸ਼ ਕਰਦਾ ਹੈ। ਰਵਿੰਦਰ ਰਵੀ ਵਲੋਂ ਸੰਪਾਦਿਤ ਪੁਸਤਕ 'ਮੇਰਾ ਕਾਵਿ ਨਾਟ ਲੋਕ' ਦੀ ਭੂਮਿਕਾ ਵਿੱਚ ਇਸ ਸੰਬੰਧੀ ਸੁਖਪਾਲਵੀਰ ਸਿੰਘ ਹਸਰਤ ਦਾ ਕਥਨ ਹੈ :

> "ਬੀਮਾਰ ਸਦੀ ਇੱਕ ਨਿਸ਼ਚੇ ਹੀ ਸ੍ਰੇਸ਼ਠ ਰਚਨਾ ਹੈ। ਅਜਿਹੀ ਨਿਵੇਕਲੇ ਰੂਪ ਵਾਲੀ, ਆਧੁਨਿਕ ਮਨੁੱਖ ਦੇ ਮਾਨਸਿਕ ਤੇ ਆਤਮਿਕ ਸੰਕਟ ਨੂੰ ਉਤਕ੍ਰਿਸ਼ਟ ਕਲਾ ਤੇ ਯੋਗਤਾ ਨਾਲ ਪੇਸ਼ ਕਰ ਸਕਣ ਵਾਲੀ ਇਹ ਲਾਸਾਨੀ ਕ੍ਰਿਤ ਹੈ।"[48]

ਰਵਿੰਦਰ ਰਵੀ ਦਾ ਅਗਲਾ ਕਾਵਿ ਨਾਟਕ **ਦਰ ਦੀਵਾਰਾਂ** ਉਸ ਦੇ ਆਪਣੇ ਪਹਿਲੇ ਕਾਵਿ ਨਾਟਕ 'ਬੀਮਾਰ ਸਦੀ' ਨਾਲੋਂ ਪੂਰੇ ਸੱਤ ਸਾਲ ਬਾਅਦ 1980 ਵਿੱਚ ਲਿਖਿਆ ਗਿਆ। ਇਨ੍ਹਾਂ ਸੱਤਾਂ ਸਾਲਾਂ ਵਿੱਚ ਰਵਿੰਦਰ ਰਵੀ ਦਾ ਅਨੁਭਵ ਵਿਦੇਸ਼ਾ ਵਿੱਚ ਘੁੰਮਣ ਕਾਰਨ ਹੋਰ ਵਿਸ਼ਾਲ ਹੋ ਗਿਆ। ਇਸ ਕਾਵਿ ਨਾਟਕ ਵਿਚਲਾ ਮੂਲ ਆਧਾਰ ਉਸਦਾ ਕੈਨੇਡਾ ਵਿਚਲਾ ਨਿਜੀ ਅਨੁਭਵ ਹੀ ਹੈ।ਰਵੀ ਇਸ ਨਿਜੀ ਅਨੁਭਵ ਦੇ ਆਧਾਰ ਤੇ ਪੱਛਮੀ ਸਭਿਅਤਾ ਦੀ ਆਤਮਿਕ, ਨੈਤਿਕ ਅਤੇ ਭਾਈਚਾਰਕ ਨਿਘਾਰ ਦੀ ਘਿਨਾਉਣੀ ਪਰ ਸਹੀ ਤਸਵੀਰ ਪੇਸ਼ ਕਰਦਾ ਹੈ।

ਇਸ ਨਾਟਕ ਦੀ ਮੂਲ ਸਮੱਸਿਆ ਇਸ ਸੋਝੀ ਨਾਲ ਸੰਬੰਧਿਤ ਹੈ ਕਿ ਅੱਜ ਦੇ ਵਿਕਸਿਤ ਵਿਗਿਆਨਕ ਯੁੱਗ ਵਿੱਚ ਮਨੁੱਖ ਦੀ ਰੁਚੀ ਪਦਾਰਥਕ ਹੋ ਜਾਣ ਕਰਕੇ ਰਿਸ਼ਤੇ ਵੀ ਸਦੀਵੀ ਅਤੇ ਗੂੜ੍ਹੇ ਨਹੀਂ ਰਹੇ। ਰਵੀ ਦੀ ਧਾਰਨਾ ਹੈ ਕਿ ਵਿਅਕਤੀਵਾਦੀ ਰੁਚੀਆਂ ਅਤੇ ਪੈਸੇ ਦੀ ਲਾਲਸਾ ਕਾਰਨ ਪਰਿਵਾਰ ਦਾ ਸੰਕਲਪ ਨਿਗਾਰ ਵੱਲ ਜਾ ਰਿਹਾ ਹੈ ਅਤੇ ਜਿਨਸੀ ਖੁੱਲ ਕਾਰਨ ਕੋਈ ਵੀ ਵਿਆਹ ਜਿਹੇ ਪਵਿਤਰ ਰਿਸ਼ਤੇ ਵਿੱਚ ਬੱਝਣ ਲਈ ਤਿਆਰ ਨਹੀਂ :

ਵਿਆਹ ਦੀ ਰਸਮ ਬੋਸੀਦਾ ਹੈ,  
ਪਲ ਛਿਣ ਕੱਠੇ ਇੱਕ ਦੂਜੇ ਦੇ...

..............................

ਜੁਦਾ ਜੁਦਾ ਅਕੀਦਾ ਹੈ  
ਨਾ ਤੇ ਵਾਅਦੇ ਉਮਰਾਂ ਦੇ  
ਕੌਣ ਪੰਜਾਲੀ ਹੇਠਾਂ ਆਏ?  
ਕੋਹਲੂ ਗੇੜ ਵੀ ਕੀ ਜੀਵਨ ਹੈ।[49]

ਔਰਤ ਮਰਦ ਦੇ ਇਸ ਅਪਵਿੱਤਰ ਰਿਸ਼ਤੇ ਦਾ ਮੁੱਖ ਕਾਰਨ ਆਤਮਿਕ ਸਾਂਝ ਦੀ ਅਣਹੋਂਦ ਹੈ। ਰਵਿੰਦਰ ਰਵੀ ਦਾ ਅਗਲਾ ਕਾਵਿ ਨਾਟਕ **ਅੱਧੀ ਰਾਤ ਦੁਪਹਿਰ** ਹੈ। ਇਹ ਇੱਕ ਪ੍ਰਤੀਕਾਤਮਕ ਕਾਵਿ ਨਾਟਕ ਹੈ। ਸਿਰਲੇਖ, ਸੰਵਾਦ, ਪਾਤਰ, ਵਾਤਾਵਰਣ ਸਭ ਕੁਝ ਪ੍ਰਤੀਕਾਤਮਕ ਹੈ । ਬਾਕੀ ਦੋਨਾਂ ਨਾਟਕਾਂ ਵਾਂਗ ਇਸ ਨਾਟਕ ਵਿੱਚ ਵੀ ਰਵੀ ਨੇ ਮਸ਼ੀਨੀ ਜ਼ਿੰਦਗੀ ਦੀ ਗੱਲ ਕੀਤੀ ਹੈ। ਮਨੁੱਖੀ ਰਿਸ਼ਤੇ ਨਿੱਘ ਅਤੇ ਜਜ਼ਬਾਤ ਤੋਂ ਬਿਲਕੁਲ ਕੋਰੇ ਹੋ ਚੁੱਕੇ ਹਨ।ਅੱਜ ਦੇ ਸਮੇਂ ਵਿੱਚ ਪੱਕੇ ਅਤੇ ਹੁਲਾਸ ਦੇਣ ਵਾਲੇ ਰਿਸ਼ਤੇ ਖਤਮ ਹੋਣ ਦੇ ਸਮਾਨ ਹਨ।ਅੱਜ ਦੇ ਮਨੁੱਖ ਲਈ ਮਮਤਾ, ਅਪਣੱਤ, ਹਮਦਰਦੀ, ਪਿਆਰ ਆਦਿ ਸ਼ਬਦ ਹੀ ਬਣ ਕੇ ਰਹਿ ਗਏ ਹਨ। ਇਨ੍ਹਾਂ ਦਾ ਉਸ ਲਈ ਕੋਈ ਅਰਥ ਨਹੀਂ ਰਹਿ ਗਿਆ ਹੈ। ਮਨੁੱਖੀ ਭਟਕਣ ਦਾ ਇੱਕ ਹੋਰ ਕਾਰਨ ਇਹ ਹੈ ਕਿ ਅੱਜ ਦਾ ਮਨੁੱਖ ਵਿਗਿਆਨਕ ਯੁੱਗ ਦੇ ਭੈਅ, ਵੱਡੀਆਂ ਸ਼ਕਤੀਆਂ ਦੇ ਦਬਾਅ ਹੇਠ ਖਿੰਡਿਆ ਅਤੇ ਭੈਭੀਤ ਹੋਇਆ ਫਿਰਦਾ ਹੈ। ਨਾਟਕਕਾਰ ਕਹਿੰਦਾ ਹੈ ਕਿ ਇਸ ਸਭ ਦਾ ਜ਼ਿੰਮੇਵਾਰ ਮਨੁੱਖ ਖੁਦ ਹੈ ਕਿਉਂਕਿ ਇੱਕ ਪਾਸੇ ਮਨੁੱਖ ਅਮਨ ਦੀ ਗੱਲ ਕਰਦਾ ਹੈ ਅਤੇ ਦੂਜੇ ਪਾਸੇ ਉਹ ਪਰਮਾਣੂ ਹਥਿਆਰਾਂ ਦੀ ਅੰਨ੍ਹੀ ਦੌੜ ਪਿੱਛੇ ਲੱਗਾ ਹੋਇਆ ਹੈ। ਇਸ ਤਰ੍ਹਾਂ ਰਵਿੰਦਰ ਰਵੀ ਮਖੌਟਾਧਾਰੀ ਰਾਜਨੀਤੀ ਦਾ ਵਰਣਨ ਕਰਦਾ ਹੈ। 'ਬੀਮਾਰ ਸਦੀ', 'ਦਰ ਦੀਵਾਰਾਂ' ਅਤੇ 'ਅੱਧੀ ਰਾਤ ਦੁਪਹਿਰ' ਨੂੰ ਰਵਿੰਦਰ ਰਵੀ ਨੇ ਮੇਰੇ ਕਾਵਿ ਨਾਟਕ ਸੈਂਚੀ ਪਹਿਲੀ ਵਿੱਚ ਵੀ ਦਰਜ ਕੀਤਾ ਹੈ।

ਦੂਜੀ ਸੈਂਚੀ ਵਿੱਚ 'ਰੂਹ ਪੰਜਾਬ ਦੀ', 'ਚੌਕ ਨਾਟਕ' ਅਤੇ 'ਸਿਫ਼ਰ ਨਾਟਕ' ਦਰਜ ਕੀਤੇ ਗਏ ਹਨ। **ਚੌਕ ਨਾਟਕ** ਵਿੱਚ ਰਵਿੰਦਰ ਰਵੀ ਨੇ ਪਰੰਪਰਾਗਤ ਰਵਾਇਤ ਦੇ ਉਲਟ ਕਿਸੇ ਇੱਕ ਵਿਚਾਰ ਨੂੰ ਪ੍ਰਮਾਣਿਤ ਕਰਨ ਦੀ ਬਜਾਏ ਮਾਨਵ, ਸਮਾਜ ਅਤੇ ਇਤਿਹਾਸ ਵਿੱਚ ਵਿਦਮਾਨ ਵਿਭਿੰਨ-ਵਿਰੋਧਾਂ (ਜੀਵਨ/ਮੌਤ, ਚੁੱਪ/ਸ਼ੋਰ) ਨੂੰ ਚੌਕਾਂ ਦੇ ਪ੍ਰਤੀਕ ਰਾਹੀਂ ਪੇਸ਼ ਕਰਕੇ ਇੱਕ ਨਵਾਂ ਪ੍ਰਤੀਕ ਸਿਰਜਿਆ ਹੈ। ਇਸ ਨਾਟਕ ਦਾ ਮੁੱਖ ਮੰਤਵ ਮੌਤ ਇੱਕ ਅੰਤਿਮ ਸੱਚਾਈ ਹੈ, ਨੂੰ ਪੇਸ਼ ਕਰਨਾ ਹੈ। ਜੋ ਵੀ ਮਨੁੱਖ ਇਸ ਧਰਤੀ ਤੇ ਪੈਦਾ ਹੋਇਆ ਹੈ, ਉਸ ਦੀ ਮੌਤ ਅਟੱਲ ਹੈ ਚਾਹੇ ਉਹ ਜ਼ਿੰਦਗੀ ਲਈ ਕਿੰਨਾ ਹੀ ਚਾਹਵਾਨ ਕਿਉਂ ਨਾ ਹੋਵੇ।

ਇਸ ਤੋਂ ਇਲਾਵਾ ਲੇਖਕ ਆਧੁਨਿਕ ਮਨੁੱਖ ਦੀ ਬੀਮਾਰ ਮਾਨਸਿਕਤਾ ਤੇ ਬਹੁਤ ਤਕੜਾ ਵਿਅੰਗ ਕਰਦਾ ਹੈ। ਬੁੱਧੀਜੀਵੀ ਵਰਗ ਜਿਸ ਦਾ ਕਰਤੱਵ ਆਪਣੇ ਗਿਆਨ ਰਾਹੀਂ ਲੋਕਾਂ ਨੂੰ ਅਗਿਆਨਤਾ ਤੋਂ ਬਾਹਰ ਕੱਢਣਾ ਅਤੇ ਸਹੀ ਸੇਧ ਪ੍ਰਦਾਨ ਕਰਨਾ ਹੈ, ਉਸ ਵਿੱਚ ਵੀ ਜ਼ੁਲਮ, ਗਲਤ ਨਿਜ਼ਾਮ ਨਾਲ ਟੱਕਰ ਲੈਣ ਦਾ ਸਾਹਸ ਨਹੀਂ ਰਿਹਾ। ਉਹ ਦ੍ਰਿੜ ਵਿਸ਼ਵਾਸ ਦੀ ਭਾਵਨਾ ਤੋਂ ਕੋਰਾ ਹੋ ਚੁੱਕਾ ਹੈ। ਅਜੋਕਾ ਮਨੁੱਖ ਪਦਾਰਥਕ ਰੁਚੀਆਂ ਦੀ ਦੌੜ ਵਿੱਚ ਇਸ ਕਦਰ ਪਾਗਲ ਹੋ ਚੁੱਕਾ ਹੈ ਕਿ ਉਹ ਦੂਜੇ ਮਨੁੱਖ ਦਾ ਘਾਣ ਕਰਨ ਤੋਂ ਵੀ ਨਹੀਂ ਡਰਦਾ। ਹਾਕਮ ਲੋਕ ਗਰੀਬਾਂ ਦਾ ਲਹੂ ਪੀ ਰਹੇ ਹਨ ਅਤੇ ਕਾਨੂੰਨ ਅਤੇ ਇਨਸਾਫ ਆਪਣਾ ਅਰਥ ਗਵਾ ਚੁੱਕੇ ਹਨ। ਸੂਝ, ਅਕਲ ਦੀ ਅੱਜ ਦੇ ਸਮੇਂ ਵਿੱਚ ਕੋਈ ਕੀਮਤ ਨਹੀਂ ਰਹਿ ਗਈ ਹੈ। ਚੌਕ ਕਾਵਿ ਨਾਟਕ ਵਿੱਚ ਉਹ ਲਿਖਦਾ ਹੈ :

ਪਾਗਲ – 1 ਇਹ ਨਿਜ਼ਾਮ ਤਾਂ ਪਾਗਲ ਜਣਦਾ,
ਪਾਗਲ – 2 ਹਲਕੇ ਕੁੱਤੇ ਚਾਰ ਚੁਫੇਰੇ,
ਪਾਗਲ – 1 ਸਹਿਮ 'ਚ ਵਿਚਰਨ ਪ੍ਰਾਣੀ ਘੇਰੇ।[50]

ਅਜੋਕੇ ਮਨੁੱਖ ਦੀ ਦੁਬਿਧਾਗ੍ਰਸਤ ਮਾਨਸਿਕਤਾ ਦੀ ਪੇਸ਼ਕਾਰੀ ਕਰਕੇ ਮੌਤ ਜਿਹੀ ਅਟੱਲ ਸੱਚਾਈ ਨੂੰ ਪੇਸ਼ ਕਰਨਾ ਇਸ ਕਾਵਿ ਨਾਟਕ ਦਾ ਮੁੱਖ ਮੰਤਵ ਹੋ ਨਿਬੜਦਾ ਹੈ। ਰਵਿੰਦਰ ਰਵੀ ਦਾ ਅਗਲਾ ਨਾਟਕ **ਰੂਹ ਪੰਜਾਬ ਦੀ** ਹੈ। ਰਵੀ ਦਾ ਇਹ ਨਾਟਕ ਇੱਕ ਗੀਤ ਨਾਟਕ ਹੈ। ਕਾਵਿ ਨਾਟਕ ਤਾਂ ਭਾਵੇਂ ਪੰਜਾਬੀ ਵਿੱਚ ਮਿਲ ਹੀ ਜਾਂਦੇ ਹਨ ਪਰ ਗੀਤ ਨਾਟਕ ਸੁੰਤਤਰ ਤੌਰ ਤੇ ਰਚਣ ਦਾ ਪਹਿਲਾ ਅਤੇ ਨਵਾਂ ਪ੍ਰਯੋਗ 'ਰੂਹ ਪੰਜਾਬ ਦੀ' ਹੀ ਕਿਹਾ ਜਾ ਸਕਦਾ ਹੈ। ਇਸ ਗੀਤ ਨਾਟਕ ਦਾ ਵਿਸ਼ਾ ਅਜੋਕੇ ਪੰਜਾਬ ਵਿੱਚ ਫੈਲੀ ਅਸ਼ਾਂਤੀ, ਅੱਤਵਾਦ ਅਤੇ ਹਿੰਸਾਤਮਕ ਘਟਨਾਵਾਂ ਦੀ ਪੇਸ਼ਕਾਰੀ ਨਾਲ ਸੰਬੰਧ ਰੱਖਦਾ ਹੈ। ਰਵੀ ਨੇ ਅਜੋਕੇ ਪੰਜਾਬ ਦੀ ਭਿਆਨਕ ਅਤੇ ਦਰਦਨਾਕ ਸਥਿਤੀ ਦੀ ਜੜ ਤੱਕ ਪੁੱਜ ਕੇ ਅਜੋਕੀ ਸੰਪਰਦਾਇਕ ਭੈੜ ਅਤੇ ਤਬਾਹੀ ਨੂੰ ਮੂਲ ਮਾਨਵੀ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। ਜਿਸ ਪੰਜਾਬ ਵਿੱਚ ਹੁਸਨ, ਇਸ਼ਕ ਦੇ ਮੇਲ, ਮੋਹ, ਪਿਆਰ ਦੇ ਕੁਦਰਤੀ

ਗੀਤ ਗੂੰਜਦੇ ਸਨ, ਅੱਜ ਉਸੇ ਪੰਜਾਬ ਦੀ ਰੂਹ ਫਿਰਕੂ ਅੱਗ ਦੀ ਲਪੇਟ ਵਿੱਚ ਆ ਕੇ ਕੁਰਲਾ ਰਹੀ ਹੈ। ਲੇਖਕ 1947 ਦੀ ਪੰਜਾਬ ਵੰਡ ਦੇ ਭਿਆਨਕ ਦੁਖਾਂਤ ਨੂੰ ਯਾਦ ਕਰਾ ਕੇ ਲੋਕਾਂ ਨੂੰ ਇਸ ਅਨਹੋਣੀ ਤੋਂ ਬਚਣ ਲਈ ਸੁਚੇਤ ਕਰਦਾ ਹੈ :

ਸੰਨ ਸੰਤਾਲੀ ਵਿੱਚ ਕੀ ਬੀਤੀ,
ਅੱਜ ਤੱਕ ਕੋਈ ਭੁੱਲਿਆ ਏ?
ਮੁੜ ਜੁੜਦਾ ਨਾ ਤਿੜਕਿਆ ਭਾਂਡਾ,
ਅੱਜ ਇਤਿਹਾਸ ਗਵਾਹ ਏ।[51]

ਇਸ ਤੋਂ ਅਗਲਾ ਨਾਟਕ **ਸਿਫ਼ਰ ਨਾਟਕ** ਹੈ। ਇਸ ਵਿੱਚ ਰਵਿੰਦਰ ਰਵੀ ਨੇ ਜ਼ਿੰਦਗੀ ਅਤੇ ਮੌਤ ਦੇ ਦਾਰਸ਼ਨਿਕ ਅਤੇ ਸਿਧਾਂਤਕ ਪੱਖਾਂ ਨੂੰ ਪੇਸ਼ ਕੀਤਾ ਹੈ। ਇਸ ਕਾਵਿ ਨਾਟਕ ਦਾ ਵਿਸ਼ਾ ਦਾਰਸ਼ਨਿਕ ਹੋਣ ਕਾਰਨ ਨਾਟਕਕਾਰ ਨੇ ਬਾਹਰੀ ਘਟਨਾਵਾਂ ਦੇ ਵਿਸਥਾਰ ਵਿੱਚ ਨਾ ਪੈ ਕੇ ਪਾਤਰਾਂ ਦੀ ਮਾਨਸਿਕ ਧਰਾਤਲ ਤੇ ਪੇਸ਼ਕਾਰੀ ਕੀਤੀ ਹੈ। ਨਾਟਕਕਾਰ ਨੇ ਚੇਤੰਨ ਤੌਰ ਤੇ ਇਸ ਕਾਵਿ ਨਾਟਕ ਨੂੰ ਛੋਟੇ ਆਕਾਰ ਵਿੱਚ ਰਚਿਆ ਹੈ।ਰਵਿੰਦਰ ਰਵੀ ਮਨੁੱਖ ਦੀ ਅਵਸਥਾ ਨੂੰ ਸਿਫ਼ਰ ਦੀ ਅਵਸਥਾ ਹੀ ਮੰਨਦਾ ਹੈ। ਉਸਦੇ ਆਪਣੇ ਸ਼ਬਦਾਂ ਵਿੱਚ:

> "ਸ਼ੂਨਯ ਅਵਸਥਾ ਉਸ ਇਨਸਾਨ ਦੀ ਅਵਸਥਾ ਹੈ, ਜੋ ਜ਼ਿੰਦਗੀ ਤੇ ਆਪਣੇ ਵਿਚਾਲੇ ਭੇਦ ਨੂੰ ਭੁੱਲ ਕੇ ਕਾਲ ਅਤੀਤ ਘੜੀਆਂ ਦੇ ਛਿਣ ਜਿਉਂਦਾ ਹੈ।"[52]

ਉਹ ਆਪਣੇ ਇਸ ਨਾਟਕ ਵਿੱਚ ਇਹ ਦੱਸਣ ਦੀ ਕੋਸ਼ਿਸ਼ ਕਰਦਾ ਹੈ ਕਿ ਮਨੁੱਖ ਦਾ ਆਦਿ ਅਤੇ ਅੰਤ ਸਿਫ਼ਰ ਦੀ ਅਵਸਥਾ ਤੇ ਹੀ ਟਿਕਿਆ ਹੈ। ਇਸ ਤੋਂ ਬਾਅਦ ਰਵਿੰਦਰ ਰਵੀ ਨੇ 'ਮੱਕੜੀ ਨਾਟਕ', 'ਰੁਕੇ ਹੋਏ ਯਥਾਰਥ', 'ਪਛਾਣ ਨਾਟਕ', ਅਤੇ 'ਮਨ ਦੇ ਹਾਣੀ' ਕਾਵਿ-ਨਾਟਕਾਂ ਨੂੰ 'ਮੇਰੇ ਕਾਵਿ ਨਾਟਕ' ਸੈਂਚੀ ਤੀਜੀ ਵਿੱਚ ਦਰਜ ਕੀਤਾ ਹੈ। **ਮੱਕੜੀ ਨਾਟਕ** ਪੰਜਾਬ ਦੇ ਅਜੋਕੇ ਸੰਤਾਪ ਨਾਲ ਜੁੜਿਆ ਹੋਇਆ ਹੈ। ਚਾਹੇ 'ਰੂਹ ਪੰਜਾਬ ਦੀ' ਦਾ ਵਿਸ਼ਾ ਵੀ ਪੰਜਾਬ ਦੇ ਅਜੋਕੇ ਸੰਤਾਪ ਨਾਲ ਜੁੜਿਆ ਹੋਇਆ ਹੈ ਪਰ 'ਮੱਕੜੀ ਨਾਟਕ' ਵਿੱਚ ਖੇਤਰੀ ਵਿਸ਼ੇ ਨੂੰ ਵਿਸ਼ਵ ਦੇ ਨਾਲ ਜੋੜ ਕੇ ਪੇਸ਼ ਕੀਤਾ ਹੈ। ਇਸ ਨਾਟਕ ਦੀ ਪਿੱਠ ਭੂਮੀ ਕੇਵਲ ਪੰਜਾਬ ਦੀ ਤਰੇੜੀ ਗਈ ਸਭਿਆਚਾਰਿਕ ਸ਼ਨਾਖਤ ਅਤੇ ਪਸਰੇ ਰਾਮ ਰੌਲੇ ਨਾਲ ਹੀ ਸੰਬੰਧਿਤ ਨਹੀਂ, ਸਗੋਂ ਇਹ ਵਿਸ਼ਵ ਪੱਧਰ ਦੀ ਰਚਨਾ ਹੈ। ਪੰਜਾਬ ਦੀ ਤ੍ਰਾਸਦਿਕ ਹਾਲਤ ਦੀ ਜ਼ਿੰਮੇਵਾਰ ਸੱਤਾ ਅਤੇ ਲੋਭੀਆਂ ਦੇ ਸਾਜਿਸ਼ੀ ਹਥਕੰਡੇ ਹਨ। ਲੇਖਕ ਨੇ ਕਮਿਉਨਿਸਟ ਪਾਰਟੀਆਂ ਦੀ ਖੁੱਲ ਕੇ ਆਲੋਚਨਾ ਕੀਤੀ ਹੈ। ਗ਼ਲਤ ਰਾਜਨੀਤੀ ਅਤੇ ਸੋਚ ਕਾਰਨ ਇਨਸਾਨ ਦੇਸ਼ ਨਾਲ ਵੀ ਧਰੋਹ ਕਮਾਉਣ ਤੋਂ ਗੁਰੇਜ਼ ਨਹੀਂ ਕਰਦਾ। ਧਰਮ ਨੂੰ ਹਥਿਆਰ ਵਾਂਗ ਵਰਤ ਕੇ ਲੋਕਾਂ ਨੂੰ ਗੁਮਰਾਹ ਕਰਨ ਲਈ ਹਰ ਤਰ੍ਹਾਂ ਦੇ ਹੀਲੇ ਵਰਤੇ ਜਾਂਦੇ ਹਨ। ਰਵਿੰਦਰ ਰਵੀ ਲਿਖਦਾ ਹੈ :

ਸ਼ਕਤੀ ਹੀ ਸ਼ਕਤੀ ਦਾ ਮਨੋਰਥ,
ਸੱਤਾ ਹੀ ਸੱਤਾ ਦੀ ਲੋਚਾ,
ਸ਼ਕਤੀ ਹੀ ਸਾਹ, ਜੀਵਨ, ਸ਼ਕਤੀ,
ਸ਼ਕਤੀ ਬਿਨ ਸਭ ਕੂੜ ਹੈ ਧੋਖਾ।[53]

ਮਕੜੀ ਦੇ ਬੁਣੇ ਜਾਲ ਵਰਗੀ ਸਥਿਤੀ ਸਿਰਫ ਪੰਜਾਬ ਦੀ ਹੀ ਨਹੀਂ, ਸਗੋਂ ਵਿਸ਼ਵਵਿਆਪੀ ਪੱਧਰ ਤੇ ਵਿਦਮਾਨ ਹੈ। ਇੰਝ ਪੰਜਾਬ ਦੇ ਅਜੋਕੇ ਸੰਤਾਪ ਦੇ ਨਾਲ-ਨਾਲ ਰਵਿੰਦਰ ਰਵੀ ਨੇ ਵਿਸ਼ਵਵਿਆਪੀ ਉਥਲ-ਪੁਥਲ ਨੂੰ ਪੇਸ਼ ਕੀਤਾ ਹੈ। ਇਸ ਸੰਬੰਧ ਵਿੱਚ ਪ੍ਰੋ. ਅਵਤਾਰ ਜੌੜਾ ਦੀ ਇਸ ਕਾਵਿ ਨਾਟਕ ਬਾਰੇ ਟਿੱਪਣੀ ਹੈ :

> "ਰਵਿੰਦਰ ਰਵੀ ਦਾ ਨਾਟਕ ਭਾਵੇਂ ਜ਼ਾਹਰਾ ਤੌਰ ਤੇ ਪੰਜਾਬ ਦੇ ਅਜੋਕੇ ਸੰਤਾਪ ਨਾਲ ਜੁੜਿਆ ਜਾਪਦਾ ਹੈ, ਪਰ ਆਪਣੀ ਸਮੁੱਚੀ ਬਣਤਰ ਵਿੱਚ ਇਹ ਵਿਸ਼ਵ ਵਿਆਪੀ ਉਥਲ-ਪੁਥਲ, ਬੇਚੈਨੀ ਅਤੇ ਖੂਨ ਖਰਾਬੇ ਵੱਲ ਕਲਾਤਮਕ ਰਮਜ਼ਾਂ ਸੁੱਟਦਾ, ਭੰਬਲ-ਭੂਸਿਆਂ ਵਿੱਚ ਪਈ ਸਮੁੱਚੀ ਵਿਸ਼ਵ ਕਮਿਉਨਿਸਟ ਲਹਿਰ ਦੀ ਸਮੀਖਿਆ ਦਾ ਇੱਕ ਵਿਰਾਟ ਰੂਪ ਬਣ ਕੇ ਦ੍ਰਿਸ਼ਟੀਮਾਨ ਹੁੰਦਾ ਹੈ।"[54]

ਸਾਹਿਤ ਸਿਰਜਣਾ ਨੂੰ ਜਾਰੀ ਰੱਖਦਿਆਂ ਰਵਿੰਦਰ ਨੇ ਆਪਣਾ ਅੱਠਵਾਂ ਕਾਵਿ ਨਾਟਕ **ਰੁਕੇ ਹੋਏ ਯਥਾਰਥ** ਲਿਖਿਆ। ਜੋ ਉਸ ਦੀ ਵਿਸ਼ਵੀ ਚੇਤਨਾ ਦਾ ਪ੍ਰਤੱਖ ਪ੍ਰਮਾਣ ਪੇਸ਼ ਕਰਦਾ ਹੈ। ਇਸ ਵਿੱਚ ਇੱਕ ਅਜਿਹੇ ਮਨੁੱਖ ਦੀ ਦਾਸਤਾਂ ਬਿਆਨੀ ਗਈ ਹੈ ਜਿਸਨੇ ਅੱਜ ਦੇ ਸਮੇਂ ਦੀ ਹਰ ਸੰਭਵ ਵਸਤੂ ਨੂੰ ਭੋਗ ਲਿਆ ਹੈ ਅਤੇ ਹੁਣ ਉਹ ਇਸ ਸਭ ਤੋਂ ਉਕਤਾ ਚੁੱਕਾ ਹੈ ਅਤੇ ਇਸ ਸਭ ਤੋਂ ਮੁਕਤੀ ਪਾਉਣ ਦਾ ਅਭਿਲਾਸ਼ੀ ਹੈ।

ਉਸਦੇ ਅਗਲੇ ਨਾਟਕ **ਪਛਾਣ ਨਾਟਕ** ਦਾ ਵਿਸ਼ਾ ਇੱਕ ਔਰਤ ਵੱਲੋਂ ਆਪਣੇ ਆਪ ਦੀ ਪਛਾਣ ਨੂੰ ਪੇਸ਼ ਕਰਨਾ ਹੈ। ਨਾਟਕਕਾਰ ਨੇ ਔਰਤ ਅਤੇ ਮਰਦ ਦੇ ਅੰਦਰਲੇ ਕਿਰਦਾਰ ਦੀਆਂ ਪਰਤਾਂ ਨੂੰ ਇੱਕ-ਇੱਕ ਕਰਕੇ ਖੋਲ੍ਹਣ ਦੀ ਕੋਸ਼ਿਸ਼ ਕੀਤੀ ਹੈ। ਇਸ ਵਿੱਚ ਤਿੰਨ ਮਰਦ ਪਾਤਰ ਕਵੀ, ਕਾਮਦੇਵ ਅਤੇ ਮਸਖ਼ਰਾ ਹਨ। ਇਹ ਸਾਰੇ ਪਾਤਰ ਸਮੁੱਚੀ ਜ਼ਿੰਦਗੀ ਦੀ ਵਿਵਿਧਮੁਖੀ ਪਛਾਣ ਦੇ ਪ੍ਰਤੀਕ ਹਨ। ਹਰ ਕੋਈ ਔਰਤ ਉੱਤੇ ਸਿਰਫ ਆਪਣੇ ਹੱਕ ਨੂੰ ਸਿੱਧ ਕਰਨ ਦਾ ਚਾਹਵਾਨ ਹੈ। ਉਦਾਹਰਣ ਵਜੋਂ :

ਕਵੀ : ਮੈ ਚਾਹੁੰਦਾ ਹਾਂ ਇਸ ਅੰਬਰ ਤੇ
ਮੇਰੀ ਇੱਕ ਪਤੰਗ ਹੀ ਉੱਡੇ
ਮੈਂ ਚਾਹੁੰਦਾ ਹਾਂ ਇਸ ਬਗੀਚੇ

ਹੋਰ ਕੋਈ ਭੌਰਾ ਨਾ ਢੁੱਕੇ

ਮੈ ਚਾਹੁੰਦਾ ਹਾਂ ਇਸ ਸਰਵਰ 'ਚੋਂ

ਹੋਰ ਕੋਈ ਚੁੱਲੀ ਨਾ ਚੁੱਕੇ।[55]

ਜਿੱਥੇ ਮਸਖ਼ਰੇ ਦੀ ਜੀਵਨ ਸ਼ੈਲੀ ਔਰਤ ਲਈ ਪਰੰਪਰਾ ਦੇ ਬੋਝ ਨੂੰ ਕੁਝ ਦੇਰ ਲਈ ਹਲਕਾ ਕਰ ਦਿੰਦੀ ਹੈ। ਉੱਥੇ ਕਾਮਦੇਵ ਔਰਤ ਨੂੰ ਜਿਸਮ ਆਨੰਦ ਦੀ ਅਜਿਹੀ ਸਿਖਰ ਤੇ ਲੈ ਜਾਂਦਾ ਹੈ ਜਿੱਥੇ ਪਹੁੰਚ ਕੇ ਜੀਵਨ ਦੇ ਸਾਰੇ ਸਰੋਕਾਰ ਅਤੇ ਚਿੰਤਾਵਾਂ ਖਤਮ ਹੁੰਦੀਆਂ ਹਨ। ਨਾਲ ਹੀ ਕਵੀ ਔਰਤ ਦੇ ਸੁਪਨੇ, ਇੱਛਾਵਾਂ, ਸੱਧਰਾਂ ਨੂੰ ਜ਼ੁਬਾਨ ਦਿੰਦਾ ਹੈ। ਇਸ ਤਰ੍ਹਾਂ ਔਰਤ ਤਿੰਨਾਂ ਦੀ ਹੀ ਹੋ ਕੇ ਰਹਿਣਾ ਚਾਹੁੰਦੀ ਹੈ :

ਤਿੰਨ ਨਦੀਆਂ ਮੈਂ ਵਲ ਮੋੜੋ

ਮੈਂ ਸਾਗਰ ਦੀ ਹਾਣ

ਭਰੀ ਭਰੀ ਮੈਂ ਨਾਲ ਤੁਹਾਡੇ

ਬਾਝੋਂ ਸਖਣੀ ਜਾਨ।[56]

ਪਰ ਪੁਰਸ਼ ਵਿੱਚ ਇੱਕ ਆਦਮ ਸਾੜਾ ਹੈ। ਉਹ ਔਰਤ ਨੂੰ ਸਿਰਫ ਆਪਣੀ ਬਣਾ ਕੇ ਰੱਖਣ ਦਾ ਚਾਹਵਾਨ ਹੈ। ਸਵੈ ਦੀ ਪਛਾਣ ਵਿੱਚ ਜੁਟੀ ਇਹ ਔਰਤ ਨਾਟਕ ਦੇ ਅੰਤ ਵਿੱਚ ਜਾ ਕੇ ਆਪਣੇ ਨਿਜ ਤੋਂ ਉੱਚੀ ਉੱਠ ਕੇ ਸਮੁੱਚੀ ਜ਼ਿੰਦਗੀ ਅਤੇ ਜੀਵਨ ਧਾਰਾ ਦੀ ਸਮਰਥਕ ਬਣ ਜਾਂਦੀ ਹੈ।

ਆਪਣੇ ਅਗਲੇ ਕਾਵਿ ਨਾਟਕ **ਮਖੌਟੇ ਤੇ ਹਾਦਸੇ** ਵਿੱਚ ਰਵਿੰਦਰ ਰਵੀ ਨੇ ਅੰਤਰਰਾਸ਼ਟਰੀ ਪੱਧਰ ਉੱਤੇ ਸਥਾਪਤ ਹੋ ਚੁੱਕੇ ਆਤੰਕ, ਜੁਰਮ, ਤਸਕਰੀ ਆਦਿ ਹੋਰ ਨਕਾਰਾਤਮਕ ਸ਼ਕਤੀਆਂ ਦੀ ਗੱਲ ਕੀਤੀ ਹੈ। ਰਵਿੰਦਰ ਰਵੀ ਨੇ ਔਰਤ ਦੀ ਅਥਾਹ ਸ਼ਕਤੀ ਨੂੰ ਪ੍ਰਤੀਕਾਤਮਕ ਰੂਪ ਵਿੱਚ ਅਗਰਭੂਮੀ ਵਿੱਚ ਰੱਖ ਕੇ ਸਮੁੱਚੀ ਮਾਨਵ ਜਾਤੀ ਨੂੰ ਆਤੰਕ, ਜੁਰਮ, ਤਸਕਰੀ ਆਦਿ ਬੁਰਾਈਆਂ ਦੇ ਵਿਰੁੱਧ ਮਹਾਯੁੱਧ ਵਿੱਚ ਸ਼ਾਮਿਲ ਹੋਣ ਲਈ ਵੰਗਾਰਿਆ ਹੈ। ਰਵੀ ਆਪਣੇ ਇਸ ਕਾਵਿ ਨਾਟਕ ਬਾਰੇ ਕਹਿੰਦਾ ਹੈ :

> "ਜਿਸ ਮਖੌਟਾ ਸਭਿਆਚਾਰ ਨੇ ਔਰਤ ਦਾ ਸ਼ੋਸ਼ਣ ਕੀਤਾ ਸੀ, ਇਹ ਕਾਵਿ ਨਾਟਕ ਸਾਨੂੰ ਉਸ ਪ੍ਰਤੀ ਸੁਚੇਤ ਵੀ ਕਰਦਾ ਹੈ ਅਤੇ ਉਸ ਨਾਲ ਜੁੜੇ ਹਾਦਸਿਆਂ ਦਾ ਫਲਸਫੀਕਰਨ ਵੀ।"[57]

ਰਵਿੰਦਰ ਰਵੀ ਰਚਿਤ ਬਾਰ੍ਹਾਂ ਕਾਵਿ ਨਾਟਕ ਪੰਜਾਬੀ ਸਾਹਿਤ ਦਾ ਮੁੱਲਵਾਨ ਸਰਮਾਇਆ ਹੈ। ਕਵਿਤਾ, ਕਹਾਣੀ ਅਤੇ ਕਾਵਿ ਨਾਟਕ ਤੋਂ ਇਲਾਵਾ ਰਵਿੰਦਰ ਰਵੀ ਨੇ ਦੋ ਸਾਹਿਤਿਕ ਸਵੈਜੀਵਨੀਆਂ 'ਮੇਰੀ ਸਾਹਿਤਕ ਸ੍ਵੈ-ਜੀਵਨੀ', 'ਮੇਰਾ ਜੀਵਨ ਮੇਰਾ ਸਾਹਿਤ ਸਾਹਿਤਕ ਸ੍ਵੈ-ਜੀਵਨੀ' ਅਤੇ ਇੱਕ ਸਫ਼ਰਨਾਮਾ 'ਸਿਮਰਤੀਆਂ ਦੇ ਦੇਸ਼' ਦੀ ਰਚਨਾ ਵੀ ਕੀਤੀ।

ਰਵਿੰਦਰ ਰਵੀ ਨੇ ਆਪਣੀ ਪਹਿਲੀ ਸਵੈਜੀਵਨੀ ਵਿੱਚ ਸਵੈਜੀਵਨੀ ਦੀ ਪ੍ਰਚਲਿਤ ਵਿਧਾ ਨੂੰ ਨਹੀਂ ਅਪਨਾਇਆ, ਸਗੋਂ ਇੱਕ ਵਿਲਖੱਣ ਪ੍ਰਯੋਗ ਕਰਨ ਦੀ ਕੋਸ਼ਿਸ਼ ਕੀਤੀ ਹੈ। ਰਵੀ ਨੇ ਆਪਣੀ ਇਸ ਸਵੈਜੀਵਨੀ ਨੂੰ ਪੰਜ ਭਾਗਾਂ ਵਿੱਚ ਵੰਡਿਆ ਹੈ। ਪਹਿਲੇ ਭਾਗ ਵਿੱਚ ਕਲਮ ਦੇ ਸਫ਼ਰ ਦੀ ਗੱਲ ਕੀਤੀ ਹੈ। ਦੂਜੇ ਵਿੱਚ ਵੱਖ-ਵੱਖ ਸਮੇਂ ਤੇ ਹੋਈਆਂ ਮੁਲਾਕਾਤਾਂ ਨੂੰ ਅੰਕਿਤ ਕੀਤਾ ਗਿਆ ਹੈ। ਤੀਜੇ ਭਾਗ ਵਿੱਚ ਲੇਖਕ ਨੇ ਆਪਣੀ ਅਤੇ ਆਪਣੇ ਕਾਵਿ ਨਾਟਕਾਂ ਦੀ ਆਤਮ ਕਥਾ ਨੂੰ ਅਤੇ ਚੌਥੇ ਭਾਗ ਵਿੱਚ ਰਚੀਆਂ ਕਹਾਣੀਆਂ ਤੇ ਆਲੋਚਨਾ ਦੀਆਂ ਟਿੱਪਣੀਆਂ ਨੂੰ ਰੱਖਿਆ ਹੈ। ਅੰਤਲੇ ਭਾਵ ਪੰਜਵੇ ਭਾਗ ਵਿੱਚ ਆਪਣੀ ਪਹਿਲੀ ਪੁਸਤਕ ਤੇ ਇਆਪਾ ਨਾਲ ਸੰਬੰਧਿਤ ਜਾਣਕਾਰੀ ਦਰਜ ਹੈ। ਰਵਿੰਦਰ ਰਵੀ ਨੇ ਸਵੈਜੀਵਨੀ ਦੀ ਇੱਕ ਵੱਖਰੀ ਵਿਧੀ ਤਿਆਰ ਕੀਤੀ ਹੈ ਪਰ ਡਾ. ਸੁਹਿੰਦਰਬੀਰ ਦੇ ਸ਼ਬਦਾਂ ਵਿੱਚ :

> "ਸੁਆਲ ਪੈਦਾ ਹੁੰਦਾ ਹੈ ਕਿ ਰਵਿੰਦਰ ਰਵੀ ਜਿਹੜੇ ਮਜ਼ਬੂਨ ਮੇਰੀ ਸਾਹਿਤਕ ਸਵੈਜੀਵਨੀ ਵਿੱਚ ਸ਼ਾਮਿਲ ਕਰਦਾ ਹੈ ਉਹ ਸਵੈਜੀਵਨੀ ਦੇ ਰੂਪਾਕਾਰ ਵਿੱਚ ਸਮਾਉਂਦੇ ਵੀ ਹਨ? ਜਾਂ ਉਸਦੇ ਅਜਿਹਾ ਕਰਨ ਵਿੱਚ ਪ੍ਰਯੋਗ ਦੀ ਭਾਵਨਾ ਨਿਹਿਤ ਹੋ ਜਾਂਦੀ ਹੈ।ਅਜਿਹਾ ਪ੍ਰਯੋਗ ਕਿਸੇ ਪ੍ਰਯੋਗ ਦੀ ਕੈਦ ਵਿੱਚ ਤਾਂ ਨਹੀਂ ਦਮ ਤੋੜ ਜਾਂਦਾ। ਸਵੈਜੀਵਨੀ ਦੀ ਸਾਰੀ ਕਿਰਤ ਦੀ ਉਸਾਰੀ ਲੇਖਕ ਖ਼ੁਦ ਕਰਦਾ ਹੈ। ਲੇਖਕ ਦੀ ਜੀਵਨੀ ਬਾਰੇ ਜੇ ਕੋਈ ਵੇਰਵਾ ਕਿਸੇ ਦੂਸਰੇ ਲੇਖਕ ਦੁਆਰਾ ਲਿਖਿਆ ਜਾਂਦਾ ਹੈ ਤਾਂ ਉਹ ਵੇਰਵਾ ਜੀਵਨੀ ਦੀ ਤਨਜ਼ ਬਣ ਜਾਂਦਾ ਹੈ।"[58]

ਉਹ ਆਪਣੀ ਸਾਹਿਤਿਕ ਸਵੈਜੀਵਨੀ ਨੂੰ ਅਧੂਰੀ ਹੀ ਕਰਾਰ ਦਿੰਦਾ ਹੈ। ਉਹ ਇਸ ਬਾਰੇ ਕਹਿੰਦਾ ਹੈ ਕਿ :

> "ਜਿੰਨਾ ਚਿਰ ਤੱਕ ਮੇਰੇ ਜੀਵਨ ਦੇ ਨਾਲ ਮੇਰੇ ਸਾਹਿਤਿਕ ਸਫ਼ਰ ਦਾ ਅੰਤ ਨਹੀਂ ਹੁੰਦਾ, ਉਨ੍ਹਾਂ ਚਿਰ ਤੱਕ ਇਹ ਅਧੂਰੀ ਹੀ ਰਹੇਗੀ।"[59]

ਆਪਣੀ ਦੂਸਰੀ ਸਵੈਜੀਵਨੀ **ਮੇਰਾ ਜੀਵਨ ਮੇਰਾ ਸਾਹਿਤ ਸਾਹਿਤਕ ਸ੍ਵੈ-ਜੀਵਨੀ** (2010) ਨੂੰ ਰਵੀ ਤਿੰਨ ਭਾਗਾਂ ਵਿੱਚ ਵੰਡਦਾ ਹੈ। ਇਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਵੱਲੋਂ ਛਾਪੀ ਗਈ ਹੈ। ਇਸ ਸਵੈਜੀਵਨੀ ਵਿੱਚ ਲੇਖਕ ਦੇ ਸਾਹਿਤ ਪੜਨ ਅਤੇ ਲਿਖਣ ਦੀ ਚੇਟਕ ਨੂੰ ਖੁੱਲ ਕੇ ਬਿਆਨ ਕੀਤਾ ਗਿਆ ਹੈ।

**ਸਿਮਰਤੀਆਂ ਦੇ ਦੇਸ਼** ਰਵਿੰਦਰ ਰਵੀ ਦਾ ਇੱਕ ਸਫ਼ਰਨਾਮਾ ਹੈ। ਇਸ ਵਿੱਚ ਰਵੀ ਵੱਖ-ਵੱਖ ਦੇਸ਼ਾਂ ਵਿੱਚ ਇੱਕਠੇ ਕੀਤੇ ਵੱਖ-ਵੱਖ ਅਨੁਭਵਾਂ ਨੂੰ ਪੇਸ਼ ਕਰਦਾ ਹੈ। ਇਸ ਵਿੱਚ ਲੇਖਕ ਨੇ ਕੀਨੀਆ, ਅਮਰੀਕਾ, ਇੰਗਲੈਂਡ, ਭਾਰਤ, ਫਰਾਂਸ, ਸਵੀਡਨ ਆਦਿ ਦੇਸ਼ਾਂ ਨਾਲ ਸਬੰਧਿਤ ਯਾਤਰਾਂ ਦੇ ਅਨੁਭਵ ਪੇਸ਼ ਕੀਤੇ ਹਨ।

ਸਫ਼ਰਨਾਮੇ ਦੇ ਹਰ ਭਾਗ ਵਿੱਚ ਉਸ ਦੇਸ਼ ਨਾਲ ਸਬੰਧਿਤ ਇੱਕ ਦੋ ਕਹਾਣੀਆਂ ਹਨ ਅਤੇ ਅੰਤ ਕਵਿਤਾਵਾਂ ਨਾਲ ਕੀਤਾ ਗਿਆ ਹੈ। ਰਵਿੰਦਰ ਰਵੀ ਨੇ ਖਾਨਾਬਦੋਸ਼ਾਂ ਵਾਂਗ ਗੁਜ਼ਾਰੇ ਗਿਆਰਾਂ ਵਰ੍ਹਿਆਂ ਦੀ ਦਾਸਤਾਂ ਬਿਆਨੀ ਹੈ। ਇਹ ਸਫ਼ਰਨਾਮਾ ਅਜੋਕੇ ਸੰਸਾਰ ਦੇ ਪ੍ਰਮੁੱਖ ਦੇਸ਼ਾਂ ਦੇ ਹਾਲਾਤਾਂ ਨੂੰ ਬੜੇ ਵਿਸਥਾਰਪੂਰਵਕ ਢੰਗ ਨਾਲ ਪੇਸ਼ ਕਰਦਾ ਹੈ। ਸਫ਼ਰਨਾਮੇ ਨੂੰ ਇੱਕ ਸਹਿਜ ਸੁਭਾਅ ਲਿਖੀ ਗਈ ਰਚਨਾ ਮੰਨਦਾ ਰਵਿੰਦਰ ਰਵੀ ਕਹਿੰਦਾ ਹੈ ਕਿ:-

> " 'ਸਿਮਰਤੀਆਂ ਦੇ ਦੇਸ਼' ਇੱਕ ਰਵਾਇਤੀ ਕਿਸਮ ਦਾ ਸਫ਼ਰਨਾਮਾ ਜਾਂ ਡਾਇਰੀ ਨੁਮਾ ਲੇਖਾਂ ਦਾ ਸਿਲਸਿਲਾ ਨਹੀਂ ਹੈ। ਇਸ ਨੂੰ ਨਾ ਤਾਂ ਇਸ ਰੂਪ ਵਿੱਚ ਚਿਤਵਿਆ ਜਾਂ ਸੰਕਲਪਿਆ ਹੀ ਗਿਆ ਹੈ ਅਤੇ ਨਾ ਹੀ ਲਿਖਣ ਸਮੇਂ ਸਫ਼ਰਨਾਮੇ ਦੀਆਂ ਰਵਾਇਤਾਂ ਨੂੰ ਮੁੱਖ ਰੱਖਿਆ ਗਿਆ।"[60]

ਹਰੇਕ ਦੇਸ਼ ਦੀ ਯਾਤਰਾ ਸਮੇਂ ਰਵਿੰਦਰ ਰਵੀ ਉਸ ਦੇਸ਼ ਦੀਆਂ ਸਮਾਜਿਕ- ਸਭਿਆਚਾਰਿਕ ਪਰਿਸਥਿਤੀਆਂ ਨੂੰ ਮੁੱਖ ਰੱਖ ਕੇ ਬਿਆਨ ਕਰਦਾ ਹੈ। ਪੂੰਜੀਵਾਦੀ ਵਿਵਸਥਾ ਨੂੰ ਭੋਗ ਰਹੇ ਅਤੇ ਖੁੱਲ੍ਹੇ ਯੌਨ-ਸੰਬੰਧਾਂ ਵਾਲੇ ਪੱਛਮੀ ਸਭਿਆਚਾਰ ਵਿੱਚ ਔਰਤ ਦੀ ਸੁਤੰਤਰਤਾ ਦਾ ਜ਼ਿਕਰ ਉਹ ਬਾਖ਼ੂਬੀ ਕਰਦਾ ਹੈ, ਪਰੰਤੂ ਮਨੁੱਖ ਦੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਉਸਦੀ ਰਚਨਾ ਵਿੱਚ ਵਿਸ਼ੇਸ਼ ਸਥਾਨ ਹਾਸਿਲ ਹੈ।

ਰਚਨਾਤਮਕ ਪੁਸਤਕਾਂ ਤੋਂ ਇਲਾਵਾ ਰਵਿੰਦਰ ਰਵੀ ਆਲੋਚਨਾਤਮਕ ਅਤੇ ਸੰਪਾਦਿਤ ਪੁਸਤਕਾਂ ਦੀ ਰਚਨਾ ਵੀ ਕੀਤੀ। ਇਨ੍ਹਾਂ ਦੇ ਅੰਤਰਗਤ ਰਵੀ ਦੀਆਂ 'ਪ੍ਰਯੋਗਸ਼ੀਲ ਕਾਵਿ ਦਰਪਣ' (1964), 'ਮੇਰਾ ਕਾਵਿ ਨਾਟ ਲੋਕ' (1990), 'ਐਟਸੈਟਰਾ-1' (2008), 'ਐਟਸੈਟਰਾ-2' (2008), 'ਐਟਸੈਟਰਾ-3' (2008), 'ਐਟਸੈਟਰਾ-4' (2012), 'ਕਵਿਤਾ ਸਨਮੁੱਖ' (1994), 'ਕਥਾ ਸਨਮੁੱਖ' (2011), 'ਵਿਸ਼ਵ ਪੰਜਾਬੀ ਸਾਹਿਤ' (1981), 'ਮੇਰਾ ਥੀਏਟਰ ਅਤੇ ਇੱਕੀਵੀਂ ਸਦੀ' (2012) ਸੰਪਾਦਿਤ ਕੀਤੀਆਂ।

'ਪ੍ਰਯੋਗਸ਼ੀਲ ਕਾਵਿ ਦਰਪਣ' ਦੀ ਭਾਗ ਵੰਡ ਇੱਕ ਨਿਸ਼ਚਿਤ ਵਿਉਂਤ ਅਨੁਸਾਰ ਕੀਤੀ ਗਈ ਹੈ। ਭਾਗ ਪਹਿਲਾ 'ਦ੍ਰਿਸ਼ਟੀਕੋਣ' ਵਿੱਚ 'ਪ੍ਰਯੋਗਸ਼ੀਲਤਾ' ਅਤੇ ਇਸ ਨਾਲ ਸੰਬੰਧਿਤ ਹੋਰ ਮਸਲਿਆਂ ਨੂੰ ਪੇਸ਼ ਕਰਦੇ ਤਿੰਨ ਸਿਧਾਂਤਕ ਲੇਖ ਹਨ। ਭਾਗ ਦੋ ਵਿੱਚ ਨਵੇਂ ਅਤੇ ਪੁਰਾਣੇ ਕਵੀਆਂ ਦੀਆਂ ਕਵਿਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਆਖਰੀ ਭਾਗ 'ਅੰਤਰਝਾਤ' ਵਿੱਚ ਪੰਜਾਬੀ ਦੀਆਂ ਤੇਰ੍ਹਾਂ ਕਵਿਤਾਵਾਂ ਨੂੰ ਆਲੋਚਨਾ-ਸਹਿਤ ਪੇਸ਼ ਕੀਤਾ ਗਿਆ ਹੈ ਤਾਂਕਿ ਮਧਕਾਲੀਨ ਸੰਵੇਦਨਾ ਵਾਲੇ ਪਾਠਕਾਂ ਨੂੰ ਨਵੀਨ ਸੰਵੇਦਨਾ ਵਾਲੀ ਕਵਿਤਾ ਨੂੰ ਸਮਝਣ ਵਿੱਚ ਇੱਕ ਸੇਧ ਮਿਲ ਸਕੇ। ਸਮੁੱਚੇ ਤੌਰ ਤੇ ਇਸ ਪੁਸਤਕ ਵਿੱਚ ਪ੍ਰਯੋਗਸ਼ੀਲ ਲਹਿਰ ਦੇ ਸਿਧਾਂਤਕ ਆਧਾਰ ਅਤੇ ਪ੍ਰਾਪਤੀਆਂ ਨੂੰ ਹੀ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।

ਸਮੀਖਿਆਕਾਰ ਦੇ ਤੌਰ ਤੇ ਰਵਿੰਦਰ ਰਵੀ ਦੀ ਇੱਕ ਹੋਰ ਪੁਸਤਕ 'ਮੇਰਾ ਕਾਵਿ ਨਾਟ ਲੋਕ' (1990) ਜੋ ਉਸਦੀਆਂ ਆਪਣੀਆਂ ਹੀ ਕਾਵਿ- ਨਾਟ ਰਚਨਾਵਾਂ ਨੂੰ ਪੇਸ਼ ਕਰਦੀ ਸਵੈ ਸੰਪਾਦਿਤ ਪੁਸਤਕ ਹੈ। ਰਵਿੰਦਰ ਰਵੀ ਨੇ ਇਸ ਪੁਸਤਕ ਵਿੱਚ ਵਿਸ਼ਵ ਕਾਵਿ ਨਾਟ ਪਰੰਪਰਾ ਦੇ ਸੰਦਰਭ ਵਿੱਚ ਆਪਣੇ ਕਾਵਿ ਨਾਟ ਬਾਰੇ ਗੰਭੀਰ ਸੰਵਾਦ ਰਚਾਉਣ ਦਾ ਸਫਲ ਅਤੇ ਸੁਚੇਤ ਯਤਨ ਕੀਤਾ ਹੈ। ਪੁਸਤਕ ਦੇ ਪਹਿਲੇ 32 ਪੰਨਿਆਂ ਵਿੱਚ ਪੰਜਾਬੀ ਸਾਹਿਤ ਦੀਆਂ ਕੁਝ ਮਹੱਤਵਪੂਰਣ ਸ਼ਖ਼ਸੀਅਤਾਂ ਅਤੇ ਆਪਣੇ ਰਚਨਾਤਮਕ ਜੀਵਨ ਨਾਲ ਸੰਬੰਧਿਤ ਕੁਝ ਮਹੱਤਵਪੂਰਣ ਛਿਣਾਂ ਨੂੰ ਛੋਟੇ ਚਿੱਤਰਾਂ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਤੋਂ ਅੱਗੇ ਰਵਿੰਦਰ ਰਵੀ ਦੇ ਕਾਵਿ ਨਾਟ ਨਾਲ ਸੰਬੰਧਿਤ ਸਵੈ ਕਥਨ, ਲੇਖ, ਟਿੱਪਣੀਆਂ ਅਤੇ ਰੀਵੀਊ ਆਦਿ ਸੰਕਲਿਤ ਹਨ।

**ਮੇਰੇ ਕਾਵਿ ਨਾਟ ਲੋਕ** ਦਾ ਦੂਜਾ ਐਡੀਸ਼ਨ 2008 ਵਿੱਚ ਛਪ ਕੇ ਪਾਠਕਾਂ ਦੇ ਹੱਥਾਂ ਵਿੱਚ ਆਇਆ। ਇਸ ਦੇ ਸੱਤ ਭਾਗ ਹਨ। ਇਸ ਪੁਸਤਕ ਦੇ ਆਰੰਭ ਵਿੱਚ ਵੀ ਰਵਿੰਦਰ ਰਵੀ ਵੱਲੋਂ ਕੁਝ ਮਹਤੱਵਪੂਰਣ ਸ਼ਖ਼ਸੀਅਤਾਂ ਨਾਲ ਬਿਤਾਏ ਕੁਝ ਛਿਣਾਂ ਨੂੰ ਫੋਟੋ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਭਾਗ ਪਹਿਲਾ 'ਮੇਰੀ ਦ੍ਰਿਸ਼ਟੀ ਮੇਰਾ ਕੋਣ' ਵਿੱਚ ਰਵੀ ਦੇ ਨਾਟਕ ਅਤੇ ਥੀਏਟਰ ਕਲਾ ਸੰਬੰਧੀ ਲਿਖੇ ਹੋਏ ਲੇਖ ਸ਼ਾਮਲ ਹਨ। ਭਾਗ ਦੂਜਾ 'ਮੇਰਾ ਸਮੁੱਚਾ ਕਾਵਿ ਨਾਟਕ: ਅਧਿਐਨ ਤੇ ਵਿਸ਼ਲੇਸ਼ਣ' ਵਿੱਚ ਪ੍ਰੋ. ਬ੍ਰਹਮਜਗਦੀਸ਼ ਸਿੰਘ ਦੇ ਦੋ ਨਵੇਂ ਲੇਖਾਂ ਤੋਂ ਬਿਨਾਂ ਡਾ. ਸਤਿੰਦਰ ਸਿੰਘ ਨੂਰ, ਡਾ. ਗੁਰੂਮੇਲ, ਡਾ. ਸਤਨਾਮ ਸਿੰਘ ਜੱਸਲ, ਨਿਗਹਤ ਖੁਰਸ਼ੀਦ ਸ਼ਬਦੀਸ਼ ਅਤੇ ਅਰਵਿੰਦਰ ਕੌਰ ਧਾਲੀਵਾਲ ਦੇ ਆਲੋਚਨਾਤਮਕ ਲੇਖਾਂ ਦਾ ਨਵਾਂ ਵਾਧਾ ਕੀਤਾ ਹੈ। ਤੀਜੇ ਭਾਗ ਵਿੱਚ ਰਵਿੰਦਰ ਰਵੀ ਦੀਆਂ ਸਾਰੀਆਂ ਨਾਟ ਪੁਸਤਕਾਂ ਬਾਰੇ ਲਿਖੇ ਲੇਖ ਅਤੇ ਰੀਵੀਊ ਸ਼ਾਮਲ ਹਨ। ਭਾਗ ਚੌਥਾ ਵਿੱਚ ਕਾਵਿ ਨਾਟਕਾਂ ਬਾਰੇ ਛਪੀਆਂ ਪੁਸਤਕਾਂ ਅਤੇ ਉਨ੍ਹਾਂ ਦਾ ਲੇਖਾ ਜੋਖਾ ਸ਼ਾਮਲ ਹੈ। ਚੌਥੇ ਭਾਗ ਦੀ ਸਮੱਗਰੀ ਪਹਿਲੀ ਵਾਰੀ ਛਾਪੀ ਗਈ ਹੈ। ਪਹਿਲੇ ਐਡੀਸ਼ਨ ਵਿੱਚ ਇਹ ਸ਼ਾਮਲ ਨਹੀਂ ਸੀ। ਭਾਗ ਪੰਜਵਾਂ 'ਮੇਰੇ ਕਾਵਿ ਨਾਟਕ ਅਤੇ ਪੰਜਾਬੀ ਰੰਗਮੰਚ' ਵਿੱਚ ਰਵੀ ਦੇ ਹੁਣ ਤੱਕ ਖੇਡੇ ਗਏ ਕਾਵਿ ਨਾਟਕਾਂ ਦੇ ਮੰਚਨ ਦਾ ਪੂਰਾ ਵੇਰਵਾ ਹੈ। ਭਾਗ ਛੇਵਾਂ 'ਅੰਤਿਕਾ' ਦਾ ਹੈ। ਇਸ ਵਿੱਚ ਖੋਜਾਰਥੀਆਂ, ਅਧਿਆਪਕਾਂ, ਵਿਦਿਆਰਥੀਆਂ ਅਤੇ ਗੰਭੀਰ ਨਾਟ ਪਾਠਕਾਂ ਲਈ ਲੋੜੀਂਦੀ ਸਮੱਗਰੀ ਪ੍ਰਸਤੁਤ ਕੀਤੀ ਗਈ ਹੈ। ਇਸ ਪੁਸਤਕ ਦੇ ਆਖਰੀ ਸੱਤਵੇਂ ਭਾਗ ਵਿੱਚ ਰਵਿੰਦਰ ਰਵੀ ਦੀਆਂ ਨਵੀਆਂ ਪ੍ਰਕਾਸ਼ਿਤ ਪੁਸਤਕਾਂ ਬਾਰੇ ਲਿਖੇ ਅਤੇ ਛਪੇ ਰੀਵੀਊ ਅਤੇ ਤਬਸਰੇ ਸ਼ਾਮਲ ਕੀਤੇ ਗਏ ਹਨ।

ਇਸ ਤਰ੍ਹਾਂ ਇਹ ਦੋਨੋਂ ਪੁਸਤਕਾਂ ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਅਤੇ ਕਾਵਿ ਨਾਟ ਕਲਾ ਦਾ ਸੁਵਿਸਥਾਰ ਅਧਿਐਨ ਹਨ ਅਤੇ ਇਹਨਾਂ ਦੀ ਸਮੁੱਚੀ ਸੁਰ ਪ੍ਰਸੰਸਾਤਮਕ ਹੈ।

**ਐਟਸੈਟਰਾ** ਲੜੀ ਤਹਿਤ ਆਉਂਦੀਆਂ ਪੁਸਤਕਾਂ - ਐਟਸੈਟਰਾ 1, 2, 3, 4 ਵਿੱਚ ਪਾਠਕ ਨੂੰ ਉਸਦੇ ਜੀਵਨ, ਸੰਪੂਰਨ ਸਾਹਿਤ ਅਤੇ ਆਲੋਚਨਾਤਮਕ ਲੇਖਾਂ ਸੰਬੰਧੀ ਭਰਪੂਰ ਜਾਣਕਾਰੀ ਮਿਲਦੀ ਹੈ।

**ਕਵਿਤਾ ਸਨਮੁਖ** ਰਵਿੰਦਰ ਰਵੀ ਦੁਆਰਾ ਸੰਪਾਦਿਤ ਇੱਕ ਵਿਲੱਖਣ ਕਾਵਿ ਪੁਸਤਕ ਹੈ ਜਿਸ ਵਿੱਚ ਉਸ ਦੀਆਂ ਕਵਿਤਾਵਾਂ ਨੂੰ ਵੱਖ-ਵੱਖ ਸਾਹਿਤਕਾਰਾਂ ਅਤੇ ਸਾਹਿਤ-ਸ਼ਾਸਤਰੀਆਂ ਨੇ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। 'ਕਵਿਤਾ ਸਨਮੁਖ' ਅਸਲ ਵਿੱਚ ਆਧੁਨਿਕ ਕਵਿਤਾ ਦੀ ਟੀਕਾਕਾਰੀ ਨਾਲ ਸਬੰਧਿਤ ਪੁਸਤਕ ਹੈ। ਇਸ ਪੁਸਤਕ ਵਿੱਚ ਅਧਿਐਨ ਕਰਤਾਵਾਂ ਨੇ ਰਵਿੰਦਰ ਰਵੀ ਦੇ ਪਹਿਲੇ ਕਾਵਿ ਸੰਗ੍ਰਹਿ ਤੋਂ ਲੈ ਕੇ ਬਾਹਰਵੇਂ ਕਾਵਿ ਸੰਗ੍ਰਹਿਆਂ ਤੱਕ ਦੇ 31 ਵਰ੍ਹਿਆਂ ਤੱਕ ਦੇ ਰਚਨਾ ਕਾਲ ਨੂੰ ਆਪਣੀ ਸਮੀਖਿਆ ਦਾ ਆਧਾਰ ਬਣਾਇਆ ਹੈ। ਇਸਦੀ ਸੰਪਾਦਨਾ ਰਵਿੰਦਰ ਰਵੀ ਨੇ ਖ਼ੁਦ ਕੀਤੀ ਹੈ। 'ਕਵਿਤਾ ਸਨਮੁਖ' ਬਾਰੇ ਰਵਿੰਦਰ ਰਵੀ ਦਾ ਖ਼ੁਦ ਦਾ ਕਥਨ ਹੈ;

> " 'ਕਵਿਤਾ ਸਨਮੁਖ' ਬੈਠਣਾ ਅਸਲ ਵਿੱਚ ਆਪਣੇ ਸਨਮੁਖ ਬੈਠਣਾ ਹੀ ਹੈ। ਆਪਣੇ ਆਪ ਨੂੰ ਸਮਝਣਾ, ਜੋਖਣਾ, ਘੋਖਣਾ, ਪਰਖਣਾ ਤੇ ਠੋਕ ਵਜਾ ਕੇ ਵੇਖਣਾ ਹੈ। ਆਪਣੇ ਬਹੁ-ਵਿਵੇਕ, ਤਰਕ, ਬੋਧ ਤੇ ਗਿਆਨ ਦੀਆਂ ਬਹੁ-ਵਿੱਧ ਦਿਸ਼ਾਵਾਂ ਵਿੱਚ ਫੈਲਣਾ ਤੇ ਆਪਣੀ ਸਮੱਰਥਾ ਦੇ ਬਹੁ ਮੁਖੀ ਪਸਾਰਾਂ ਦੀ ਥਾਹ ਪਾਉਣਾ ਹੈ।"[61]

**ਕਥਾ ਸਨਮੁਖ** ਪੁਸਤਕ ਵਿੱਚ ਰਵਿੰਦਰ ਰਵੀ ਦੀਆਂ ਤਿੰਨ ਕਹਾਣੀਆਂ ਦੇ ਮੂਲ ਪਾਠ ਅਤੇ ਉਹਨਾਂ ਉੱਤੇ ਲਿਖੇ ਹੋਏ ਵਿਦਵਾਨਾਂ ਦੇ ਵਿਚਾਰ ਸ਼ਾਮਲ ਹਨ। ਰਵਿੰਦਰ ਰਵੀ ਦੀਆਂ ਦੋ ਕਹਾਣੀਆਂ 'ਅਨ੍ਹੇਰਾ ਯੂਕਲਿਪਟਸ ਤੇ ਅੱਗ' ਅਤੇ 'ਇੱਕ ਹੋਰ ਹੈਮਿੰਗਵੇ' ਦੇ ਪੜਤ ਅਧਿਐਨ ਤਿਆਰ ਕਰਕੇ 1989 ਵਿੱਚ ਨੈਸ਼ਨਲ ਬੁੱਕ ਸ਼ਾਪ ਦਿੱਲੀ ਨੇ ਛਾਪੇ ਸਨ ਅਤੇ 'ਹਮਛਿਣ' ਦਾ ਪੜਤ ਅਧਿਐਨ 1998 ਵਿੱਚ ਹਰਚੰਦ ਸਿੰਘ ਬੇਦੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਪੁਸਤਕ 'ਪਾਠ ਤੇ ਪ੍ਰਸੰਗ : ਪਰਵਾਸੀ ਪੰਜਾਬੀ ਕਹਾਣੀ' ਵਿੱਚ ਸ਼ਾਮਿਲ ਕੀਤਾ।

ਰਵਿੰਦਰ ਰਵੀ ਦੀਆਂ ਦੋਹਾਂ ਪੁਸਤਕਾਂ ਦੇ ਛਪਣ ਵਿੱਚ 9 ਸਾਲ ਦੀ ਵਿੱਥ ਹੋਣ ਦੇ ਬਾਵਜੂਦ ਵੀ ਉਸ ਦੀਆਂ ਕਹਾਣੀਆਂ ਦੀ ਚੋਣ ਦੇ ਪ੍ਰਸੰਗ ਵਿੱਚ ਇੱਕ ਅਟੁੱਟ ਸਾਂਝ ਹੈ। ਇਹਨਾਂ ਪੁਸਤਕਾਂ ਦੇ ਅਧਿਐਨ ਕਰਤਾ ਡਾ. ਦੇਵਿੰਦਰ ਕੌਰ ਅਤੇ ਡਾ. ਹਰਚੰਦ ਸਿੰਘ ਬੇਦੀ ਨੇ ਦਾਰਸ਼ਨਿਕ ਅਤੇ ਬੌਧਿਕ ਪ੍ਰਸੰਗਾਂ ਵਾਲੀਆਂ ਕਹਾਣੀਆਂ ਚੁਣੀਆਂ ਹਨ। 'ਅਨ੍ਹੇਰਾ ਯੂਕਲਿਪਟਸ ਤੇ ਅੱਗ' ਬਾਰੇ ਡਾ. ਦੇਵਿੰਦਰ ਕੌਰ ਕਹਿੰਦੀ ਹੈ :

> "ਇਹ ਕਹਾਣੀ ਹਰ ਸਾਧਾਰਨ ਇਨਸਾਨੀ ਰੂਪ ਵਾਲੇ ਪਾਠਕ ਲਈ ਲਿਖੀ ਹੋਈ ਕਹਾਣੀ ਨਹੀਂ। ਇਹ ਬਿਰਤਾਂਤ ਟੁਕੜਾ ਵਿਸ਼ੇਸ਼ ਪ੍ਰਕਾਰ ਦੇ ਚਿੰਤਕ ਕਿਸਮਾਂ ਦੇ ਪਾਠਕ ਦਾ ਸਾਥ ਲੋਚਦਾ ਹੈ।"[62]

ਇੱਕ ਹੋਰ ਹੈਮਿੰਗਵੇ ਬਾਰੇ ਉਸ ਦਾ ਕਹਿਣਾ ਹੈ ਕਿ:-

> "ਇਹ ਕਹਾਣੀ ਚੇਤੰਨ, ਬੌਧਿਕ, ਚਿੰਤਕ ਪਾਠਕ ਨਾਲ ਹੀ ਆਪਣਾ ਰਿਸ਼ਤਾ ਸਥਾਪਿਤ ਕਰਦੀ ਹੈ।"[63]

ਡਾ. ਹਰਚੰਦ ਸਿੰਘ ਬੇਦੀ 'ਹਮਛਿਣ' ਕਹਾਣੀ ਬਾਰੇ ਕਹਿੰਦਾ ਹੈ ਕਿ:-

> "ਰਵੀ ਦੀ ਇਹ ਕਹਾਣੀ ਦਾਰਸ਼ਨਿਕ ਚਰਿੱਤਰ ਵਾਲੀ ਸਮੱਸਿਆ ਪਰਕ ਕਹਾਣੀ ਹੈ।"[64]

ਕਿਤਾਬ ਦੇ ਅੰਤ ਵਿੱਚ ਡਾ. ਦਵਿੰਦਰ ਕੌਰ ਦੀ ਰਵਿੰਦਰ ਰਵੀ ਨਾਲ ਹੋਈ ਮੁਲਾਕਾਤ ਨੂੰ ਵੀ ਰਵੀ ਨੇ ਆਪਣੀ ਸੰਪਾਦਿਤ ਪੁਸਤਕ 'ਕਥਾ ਸਨਮੁਖ' ਵਿੱਚ ਦਰਜ ਕੀਤਾ ਹੈ।

**ਵਿਸ਼ਵ ਪੰਜਾਬੀ ਸਾਹਿਤ** ਵਿੱਚ ਰਵੀ ਨੇ ਬਾਰ੍ਹਾਂ ਦੇਸ਼ਾਂ ਅਮਰੀਕਾ, ਇੰਗਲੈਂਡ, ਸਵਿਟਜ਼ਰਲੈਂਡ, ਸਵੀਡਨ, ਕੀਨੀਆ, ਕੈਨੇਡਾ, ਡੈਨਮਾਰਕ, ਨੀਦਰਲੈਂਡ, ਪੱਛਮੀ ਜਰਮਨੀ, ਪਾਕਿਸਤਾਨ, ਭਾਰਤ ਅਤੇ ਜਾਂਬੀਆ ਤੋਂ ਸਾਹਿਤ ਨੂੰ ਇੱਕਠਾ ਕੀਤਾ ਹੈ। ਪੁਸਤਕ ਦੀ ਤਰਤੀਬ ਗੁਰਮੁਖੀ ਵਰਣਮਾਲਾ ਦੇ ਅੱਖਰ ਕ੍ਰਮ ਅਨੁਸਾਰ ਰੱਖੀ ਗਈ ਹੈ। ਕਵਿਤਾ, ਕਹਾਣੀ, ਨਾਵਲਾਂ ਦੇ ਹਿੱਸੇ, ਕਾਵਿ ਨਾਟ ਦੇ ਭਾਗ, ਵਾਰਤਕ ਅਤੇ ਆਲੋਚਨਾ ਨੂੰ ਕ੍ਰਮਵਾਰ ਹਰ ਇੱਕ ਭਾਗ ਵਿੱਚ ਇੱਕਠਿਆਂ ਤਰਤੀਬ ਦੇ ਕੇ ਛਾਪਿਆ ਹੈ।

**ਮੇਰਾ ਥੀਏਟਰ ਤੇ ਇੱਕੀਵੀਂ ਸਦੀ** ਕਵੀ ਦੀ ਕਾਵਿ ਨਾਟਕਾਂ ਨਾਲ ਸੰਬੰਧਿਤ ਪੁਸਤਕ ਹੈ। ਇਸ ਪੁਸਤਕ ਵਿੱਚ ਰਵਿੰਦਰ ਰਵੀ ਦੇ ਆਪਣੇ ਅਤੇ ਦੂਸਰੇ ਆਲੋਚਕਾਂ ਦੁਆਰਾ ਉਸਦੇ ਕਾਵਿ ਨਾਟਕਾਂ ਅਤੇ ਥੀਏਟਰ ਸੰਬੰਧੀ ਲੇਖ ਦਰਜ਼ ਕੀਤੇ ਗਏ ਹਨ।

ਇਹਨਾਂ ਤੋਂ ਇਲਾਵਾ ਰਵਿੰਦਰ ਰਵੀ ਦਾ ਸਾਹਿਤ ਅੰਗਰੇਜ਼ੀ ਅਤੇ ਹਿੰਦੀ ਵਿੱਚ ਵੀ ਛਪਿਆ ਹੈ। ਰਵਿੰਦਰ ਰਵੀ ਨੇ ਮੂਲ ਤੌਰ ਤੇ ਪੰਜਾਬੀ ਵਿੱਚ ਹੀ ਲਿਖਿਆ ਹੈ। ਹਿੰਦੀ ਅਤੇ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਰਚਨਾਵਾਂ ਤਾਂ ਉਸਦਾ ਪੰਜਾਬੀ ਤੋਂ ਉਲਥਾ ਹੀ ਹਨ। ਇਸ ਕਰਕੇ ਇਹਨਾਂ ਨੂੰ ਵੱਖਰੇ ਤੌਰ ਤੇ ਅਧਿਐਨ ਦਾ ਵਿਸ਼ਾ ਬਣਾਉਣ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ।

ਇਸ ਤਰ੍ਹਾਂ ਰਵਿੰਦਰ ਰਵੀ ਪਿਛਲੇ ਚਾਲੀ ਸਾਲਾਂ ਤੋਂ ਨਿਰੰਤਰ ਸਾਹਿਤ ਦੇ ਵੱਖ-ਵੱਖ ਰੂਪਾਂ ਨਾਲ ਸੰਬੰਧਿਤ ਰਚਨਾਵਾਂ ਲਿਖ ਰਿਹਾ ਹੈ। ਉਸਨੇ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਤੇ ਕਲਮ ਅਜ਼ਮਾਈ ਕੀਤੀ ਹੈ ਅਤੇ ਪੰਜਾਬੀ ਸਾਹਿਤ ਨੂੰ ਆਪਣੀ-ਰਚਨਾਤਮਕਤਾ ਨਾਲ ਮਾਲਾਮਾਲ ਕੀਤਾ ਹੈ। ਇਸ ਦੀ ਗਵਾਹੀ ਉਸ ਦੁਆਰਾ ਹੁਣ ਤੱਕ ਰਚੇ 18 ਕਾਵਿ ਸੰਗ੍ਰਹਿ, 12 ਕਾਵਿ ਨਾਟਕ, 9 ਕਹਾਣੀ ਸੰਗ੍ਰਹਿ, 1 ਸਫ਼ਰਨਾਮਾ, 2 ਸਵੈਜੀਵਨੀਆਂ ਅਤੇ 10 ਆਲੋਚਨਾਤਮਕ/ਸੰਪਾਦਿਤ ਪੁਸਤਕਾਂ ਭਰਦੀਆਂ ਹਨ।

# ਹਵਾਲੇ ਅਤੇ ਪਦ-ਟਿੱਪਣੀਆਂ

---

1 ਗੁਰਦਿਆਲ ਸਿੰਘ (ਪ੍ਰੋ.), **ਲੇਖਕ ਦਾ ਅਨੁਭਵ ਤੇ ਸਿਰਜਣ ਪ੍ਰਕਿਰਿਆ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 5.

2 ਰੌਸ਼ਨ ਲਾਲ ਆਹੂਜਾ (ਡਾ.), **ਸਾਹਿਤ ਸ਼ਾਸਤਰ**, ਹਿੰਦ ਪਬਲਿਸ਼ਰਜ਼ ਲਿਮਟਿਡ, ਜਲੰਧਰ, 1963, ਪੰਨਾ 50.

3 ਮੈਕਸਿਮ ਗੋਰਕੀ, **ਜੀਵਨ ਤੇ ਰਚਨਾ**, ਗੁਲਜ਼ਾਰ ਸਿੰਘ ਸੰਧੂ (ਅਨੁ.), ਨਵਯੁੱਗ ਪਬਲਿਸ਼ਰਜ਼, ਦਿੱਲੀ, 1961, ਪੰਨਾ 108.

4 ਗੁਰਦਿਆਲ ਸਿੰਘ (ਪ੍ਰੋ.), **ਲੇਖਕ ਦਾ ਅਨੁਭਵ ਅਤੇ ਸਿਰਜਣ ਪ੍ਰਕਿਰਿਆ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 50-51.

5 ਰਵਿੰਦਰ ਰਵੀ, **ਮੇਰੀ ਸਾਹਿਤਕ ਸ੍ਵੈ-ਜੀਵਨੀ**, ਪੰਜਾਬੀ ਸਾਹਿਤ ਅਕਾਦਮੀ, ਕਲਾ ਭਵਨ, ਚੰਡੀਗੜ੍ਹ, 1994, ਪੰਨਾ 13.

6 ਉਹੀ, ਪੰਨਾ 93.

7 ਉਹੀ, ਪੰਨਾ 15.

8 ਉਹੀ, ਪੰਨਾ 15.

9 ਉਹੀ, ਪੰਨਾ 84.

10 ਰਵਿੰਦਰ ਰਵੀ, **ਅਕੱਥ ਕਥਾ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1988, ਪੰਨਾ 52.

11 ਰਵਿੰਦਰ ਰਵੀ, **ਮੇਰੀ ਸਾਹਿਤਕ ਸ੍ਵੈ-ਜੀਵਨੀ**, ਪੰਜਾਬੀ ਸਾਹਿਤ ਅਕਾਦਮੀ, ਕਲਾ ਭਵਨ, ਚੰਡੀਗੜ੍ਹ, 1994, ਪੰਨਾ 13.

12 ਉਹੀ, ਪੰਨਾ 13.

13 ਰਵਿੰਦਰ ਰਵੀ, **ਦਿਲ ਦਰਿਆ ਸਮੁੰਦਰੋਂ ਡੂੰਘੇ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1961, ਪੰਨਾ 5.

14 ਰਵਿੰਦਰ ਰਵੀ, **ਮੇਰੀ ਸਾਹਿਤਕ ਸ੍ਵੈ-ਜੀਵਨੀ**, ਪੰਜਾਬੀ ਸਾਹਿਤ ਅਕਾਦਮੀ, ਕਲਾ ਭਵਨ, ਚੰਡੀਗੜ੍ਹ, 1994, ਪੰਨਾ 56.

15 ਟੀ.ਆਰ. ਵਿਨੋਦ (ਡਾ.), **ਸਾਹਿਤ ਤੇ ਚਿੰਤਨ**, ਮਦਾਨ ਪਬਲਿਸ਼ਰਜ, ਪਟਿਆਲਾ, 1976, ਪੰਨਾ 58.

16 ਰਵਿੰਦਰ ਰਵੀ, **ਮੇਰੀ ਸਾਹਿਤਕ ਸ੍ਵੈ-ਜੀਵਨੀ**, ਪੰਜਾਬੀ ਸਾਹਿਤ ਅਕਾਦਮੀ, ਕਲਾ ਭਵਨ, ਚੰਡੀਗੜ੍ਹ, 1994, ਪੰਨਾ 112.

17 ਉਹੀ, ਪੰਨਾ 75.

18 ਸੰਤ ਸਿੰਘ ਸੇਖੋਂ, **ਸਾਹਿਤਿਆਰਥ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1957, ਪੰਨਾ 169.

19 ਰਵਿੰਦਰ ਰਵੀ, **ਪਿਆਸਾ ਬੱਦਲ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ 18.

20 ਰਵਿੰਦਰ ਰਵੀ, **ਦਿਲ ਦਰਿਆ ਸਮੁੰਦਰੋਂ ਡੂੰਘੇ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1961, ਪੰਨਾ 21.

21 ਰਵਿੰਦਰ ਰਵੀ, **ਅਕੱਖ ਕਥਾ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1988, ਪੰਨਾ 202-203.

22 ਉਹੀ, ਪੰਨਾ 265-266.

23 ਉਹੀ, ਪੰਨਾ 139.

24 ਉਹੀ, ਪੰਨਾ 140.

25 ਉਹੀ, ਪੰਨਾ 124.

26 ਉਹੀ, ਪੰਨਾ 47.

27 ਰਵਿੰਦਰ ਰਵੀ, **ਮੌਨ ਹਾਦਸੇ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1988, ਪੰਨਾ 35.

28 ਬ੍ਰਹਮਜਗਦੀਸ਼ ਸਿੰਘ, **ਰਵਿੰਦਰ ਰਵੀ ਦਾ ਰਚਨਾ ਸੰਸਾਰ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1999, ਪੰਨਾ 24.

29 ਰਵਿੰਦਰ ਰਵੀ, **ਵਣਵਾਣੀ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2005, ਪੰਨਾ 381.

30 ਬ੍ਰਹਮਜਗਦੀਸ਼ ਸਿੰਘ, **ਰਵਿੰਦਰ ਰਵੀ ਦਾ ਰਚਨਾ ਸੰਸਾਰ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1999, ਪੰਨਾ 24.

31 ਰਵਿੰਦਰ ਰਵੀ, **ਸ਼ਹਿਰ ਜੰਗਲੀ ਹੈ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1970, ਪੰਨਾ 23.

32 ਉਹੀ, **ਪਿਆਸਾ ਬੱਦਲ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1988, ਪੰਨਾ 131.

33 ਉਹੀ, ਪੰਨਾ 131.

34 ਉਹੀ, ਪੰਨਾ 152.

35 ਉਹੀ, ਪੰਨਾ 226.

36 ਉਹੀ, ਪੰਨਾ 41.

37 ਬ੍ਰਹਮਜਗਦੀਸ਼ ਸਿੰਘ, **ਰਵਿੰਦਰ ਰਵੀ ਦਾ ਰਚਨਾ ਸੰਸਾਰ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1999, ਪੰਨਾ 91.

38 ਰਵਿੰਦਰ ਰਵੀ, **ਸ਼ਬਦ ਸਾਗਰ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2004, ਪੰਨਾ 242.

39 ਉਹੀ, ਪੰਨਾ 158.

40 ਉਹੀ, **ਛਾਵਾਂ ਤੇ ਪਰਛਾਵੇਂ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2004, ਪੰਨਾ 242.

41 ਉਹੀ, ਪੰਨਾ 97.

42 ਉਹੀ, **ਖੰਭਾਂ ਵਾਲੇ ਪਿੰਜਰੇ**, ਚੇਤਨਾ-ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2001, ਪੰਨਾ 318.

43 ਉਹੀ, ਪੰਨਾ 378.

44 ਉਹੀ, **ਮੇਰੀ ਕਹਾਣੀ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2006, ਪੰਨਾ 352.

45 ਉਹੀ, **ਮੈਲੀ ਪੁਸਤਕ**, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ (ਦੂਜੀ ਵਾਰ), 2010, ਪੰਨਾ 80.

46 ਉਹੀ, **ਮੇਰੀ ਕਹਾਣੀ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2006, ਪੰਨਾ 86.

47 ਉਹੀ, **ਬੀਮਾਰ ਸਦੀ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1974, ਪੰਨਾ 61-62.

48 ਉਹੀ, **ਮੇਰਾ ਕਾਵਿ ਨਾਟ ਲੋਕ**, ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ (ਦੂਜੀ ਵਾਰ), 2008, ਪੰਨਾ 16.

49 ਰਵਿੰਦਰ ਰਵੀ, **ਦਰ ਦੀਵਾਰਾਂ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1981, ਪੰਨਾ 104.

50 ਉਹੀ, **ਚੌਕ ਨਾਟਕ**, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2002, ਪੰਨਾ 64.

51 ਉਹੀ, **ਰੂਹ ਪੰਜਾਬ ਦੀ**, ਦੀਪਕ ਪਬਲਿਸ਼ਰਜ਼, ਜਲੰਧਰ, 1984, ਪੰਨਾ 34.

52 ਉਹੀ, **ਮੱਕੜੀ ਨਾਟਕ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1990, ਪੰਨਾ 21.

53 ਉਹੀ, **ਮੰਚ ਨਾਟਕ**, ਨੈਸ਼ਨਲ ਬੁੱਕ ਸ਼ਾਪ, 1990, ਪੰਨਾ 21.

54 ਉਹੀ, ਪੰਨਾ 31.

55 ਉਹੀ, **ਪਛਾਣ ਨਾਟਕ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1990, ਪੰਨਾ 67.

56 ਉਹੀ, **ਮੰਚ ਨਾਟਕ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1993, ਪੰਨਾ 82.

57 ਉਹੀ, **ਮਖੌਟੇ ਤੇ ਹਾਦਸੇ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2001, ਪੰਨਾ 16.

58 ਸੁਹਿੰਦਰਬੀਰ ਸਿੰਘ, (ਪੁਸਤਕ ਰੀਵੀਊ), **ਮੇਰੀ ਸਾਹਿਤਕ ਸ੍ਵੈ-ਜੀਵਨੀ**, ਅਜੀਤ, 12 ਨਵੰਬਰ 1995.

59 ਰਵਿੰਦਰ ਰਵੀ, **ਮੇਰੀ ਸਾਹਿਤਕ ਸ੍ਵੈ-ਜੀਵਨੀ,** ਪੰਜਾਬੀ ਸਾਹਿਤ ਅਕਾਦਮੀ, ਕਲਾ ਭਵਨ, ਚੰਡੀਗੜ੍ਹ, 1994, ਪੰਨਾ-10.

60 ਉਹੀ, **ਸਿਮਰਤੀਆਂ ਦੇ ਦੇਸ਼**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2006, ਪੰਨਾ 9.

61 ਉਹੀ (ਸੰਪਾ.), **ਕਵਿਤਾ ਸਨਮੁੱਖ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2008, ਪੰਨਾ 15.

62 ਉਹੀ, **ਕਥਾ ਸਨਮੁੱਖ**, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2001, ਪੰਨਾ 10.

63 ਉਹੀ, ਪੰਨਾ 10.

64 ਉਹੀ, ਪੰਨਾ 15.